# ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ

**ਸੈਸ਼ਨ:2026-27**

# ਕਾਲਜ ਦੇ ਸਿਤਾਰੇ

| | | | | |
|---|---|---|---|---|
| <br>ਅਮਾਨਤ<br>(ਬੀਏ ਭਾਗ ਪਹਿਲਾ- ਪਹਿਲਾ ਸਥਾਨ) | <br>ਰੁਪਿੰਦਰ ਕੌਰ<br>(ਬੀਏ ਭਾਗ ਪਹਿਲਾ- ਦੂਜਾ ਸਥਾਨ) | <br>ਰਾਜਦੀਪ ਕੌਰ<br>(ਬੀਏ ਭਾਗ ਪਹਿਲਾ-ਤੀਜਾ ਸਥਾਨ) | <br>ਅਮਨਪ੍ਰੀਤ ਕੌਰ<br>(ਬੀਏ ਭਾਗ ਦੂਜਾ- ਪਹਿਲਾ ਸਥਾਨ) | <br>ਹਰਮਨਜੋਤ ਕੌਰ<br>(ਬੀਏ ਭਾਗ ਦੂਜਾ- ਦੂਜਾ ਸਥਾਨ) |
| <br>ਖੁਸ਼ਪ੍ਰੀਤ ਕੌਰ<br>(ਬੀਏ ਭਾਗ ਦੂਜਾ- ਤੀਜਾ ਸਥਾਨ) | <br>ਜਸਪ੍ਰੀਤ ਕੌਰ<br>(ਬੀਏ ਭਾਗ ਤੀਜਾ- ਪਹਿਲਾ ਸਥਾਨ) | <br>ਮਨਪ੍ਰੀਤ ਕੌਰ<br>(ਬੀਏ ਭਾਗ ਤੀਜਾ- ਦੂਜਾ ਸਥਾਨ) | <br>ਸ਼ਿਵਾਨੀ<br>(ਬੀਏ ਭਾਗ ਤੀਜਾ-ਤੀਜਾ ਸਥਾਨ) | <br>ਹਿਮਾਂਸ਼ੀ ਮਹੇਸ਼ਵਰੀ<br>(ਬੀਸੀਏ ਭਾਗ ਪਹਿਲਾ-ਪਹਿਲਾ ਸਥਾਨ) |
| <br>ਦਿਲਜੋਤ ਕੌਰ ਸੱਗੂ<br>(ਬੀਸੀਏ ਭਾਗ ਪਹਿਲਾ-ਦੂਜਾ ਸਥਾਨ) | <br>ਜਸਪ੍ਰੀਤ ਕੌਰ<br>(ਬੀਸੀਏ ਭਾਗ ਪਹਿਲਾ- ਤੀਜਾ ਸਥਾਨ) | <br>ਖਵਾਇਸ਼ ਰਾਣੀ<br>(ਬੀਸੀਏ ਭਾਗ ਦੂਜਾ- ਪਹਿਲਾ ਸਥਾਨ) | <br>ਵਿਨੀਤ ਕੌਰ<br>(ਬੀਸੀਏ ਭਾਗ ਦੂਜਾ- ਦੂਜਾ ਸਥਾਨ) | <br>ਕਸ਼ਿਸ਼<br>(ਬੀਸੀਏ ਭਾਗ ਦੂਜਾ- ਤੀਜਾ ਸਥਾਨ) |
| <br>ਗੁਰਨੂਰ ਕੌਰ<br>(ਬੀਸੀਏ ਭਾਗ ਤੀਜਾ- ਪਹਿਲਾ ਸਥਾਨ) | <br>ਜਸ਼ਨਦੀਪ ਸਿੰਘ<br>(ਬੀਸੀਏ ਭਾਗ ਤੀਜਾ- ਦੂਜਾ ਸਥਾਨ) | <br>ਨਵਜੋਤ ਕੌਰ<br>(ਬੀਸੀਏ ਭਾਗ ਤੀਜਾ: ਤੀਜਾ ਸਥਾਨ) | <br>ਦੀਪਕ<br>ਪੀਜੀਡੀਸੀਏ ਪਹਿਲਾ ਸਥਾਨ | <br>ਸ਼ਿਮਲਦੀਪ ਕੌਰ<br>ਪੀਜੀਡੀਸੀਏ ਦੂਜਾ ਸਥਾਨ |

<table>
<tr><td><br>ਹੰਨੂੰ<br>ਪੀਜੀਡੀਸੀਏ- ਤੀਜਾ ਸਥਾਨ</td><td><br>ਹਰਮਨਪ੍ਰੀਤ ਸਿੰਘ<br>ਐਮਐਸਸੀ. IT ਭਾਗ ਦੂਜਾ: ਪਹਿਲਾ ਸਥਾਨ</td><td><br>ਅਮਨਦੀਪ ਕੌਰ<br>ਐਮਐਸਸੀ. IT ਭਾਗ ਦੂਜਾ: ਦੂਜਾ ਸਥਾਨ</td><td><br>ਗੁਰਦੀਪ ਸਿੰਘ<br>ਪ੍ਰੀ ਰਿਪਬਲਿਕ ਡੇ ਟ੍ਰਾਯਲ ਭਾਗੀਦਾਰ</td><td><br>ਗੁਰਦੇਵ ਸਿੰਘ<br>ਪ੍ਰੀ ਰਿਪਬਲਿਕ ਡੇ ਟ੍ਰਾਯਲ ਭਾਗੀਦਾਰ</td></tr>
<tr><td colspan="5">ਸਭਿਆਚਾਰਕ ਗਤੀਵਿਧੀਆਂ</td></tr>
<tr><td><br>ਗੁਰਪ੍ਰੀਤ ਸਿੰਘ: ਬੀਏ ਭਾਗ ਦੂਜਾ<br>ਤਬਲਾ ਵਾਦਨ: ਪਹਿਲਾ ਸਥਾਨ</td><td><br>ਰਾਮਪ੍ਰੀਤ ਸਿੰਘ (ਬੀਏ ਭਾਗ ਦੂਜਾ)<br>ਸਿਤਾਰ ਵਾਦਨ: ਪਹਿਲਾ ਸਥਾਨ</td><td><br>ਅਮਨਪ੍ਰੀਤ ਕੌਰ (ਬੀਏ ਭਾਗ ਦੂਜਾ)<br>ਪਰਾਂਦਾ ਬੁਣਨਾ: ਤੀਜਾ ਸਥਾਨ</td><td><br>ਜਸ਼ਨਪ੍ਰੀਤ ਕੌਰ (ਬੀਏ ਭਾਗ ਦੂਜਾ)<br>ਇੰਨੂ ਬਣਾਉਣਾ: ਤੀਜਾ ਸਥਾਨ</td><td><br>ਪਲਕ (ਬੀਏ ਭਾਗ ਪਹਿਲਾ)<br>ਕਲਾਸੀਕਲ ਡਾਂਸ</td></tr>
<tr><td colspan="2">ਸਭਿਆਚਾਰਕ ਗਤੀਵਿਧੀਆਂ</td><td colspan="3">ਖੇਡਾਂ</td></tr>
<tr><td><br>ਯਤਿਨ ਸ਼ਰਮਾ: M.Sc IT<br>ਭੰਡ ਪੇਸ਼ਕਾਰੀ: ਤੀਜਾ ਸਥਾਨ</td><td><br>ਵਿਵੇਕ ਸਿੰਘ: PGDCA<br>ਭੰਡ ਪੇਸ਼ਕਾਰੀ: ਤੀਜਾ ਸਥਾਨ</td><td><br>ਸਾਗਰ ਥਾਪਾ (ਬੀਏ ਭਾਗ ਪਹਿਲਾ)<br>ਬੈਸਟ ਅਥਲੀਟ (ਲੜਕੇ)</td><td><br>ਇੰਦਰਜੀਤ ਕੌਰ (ਬੀਏ ਭਾਗ ਦੂਜਾ)<br>ਬੈਸਟ ਅਥਲੀਟ (ਲੜਕੀਆਂ)</td><td><br>ਲਵਪ੍ਰੀਤ ਸਿੰਘ (ਬੀਏ ਭਾਗ ਪਹਿਲਾ)<br>10000 ਮੀਟਰ ਕਰਾਸ ਕੰਟਰੀ</td></tr>
</table>

## ਬੇਦਾਵਾ

ਪ੍ਰੋਸਪੈਕਟਸ ਵਿਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਆਧਾਰਿਤ ਹੈ, ਫਿਰ ਵੀ ਕਾਲਜ ਪ੍ਰਸ਼ਾਸਨ ਜਾਂ ਪ੍ਰਾਸਪੈਕਟਸ ਕਮੇਟੀ, ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਵੀ ਪ੍ਰਕਾਰ ਦੀ ਊਣਤਾਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਸ਼ੈਸ਼ਨ ਦੌਰਾਨ ਲੋੜ ਪੈਣ 'ਤੇ ਬਿਨਾਂ ਅਗਾਊਂ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕੋਈ ਹੋਰ ਸਮਰੱਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

| | | |
|---|---|---|
| ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ<br>Knowledge Enlightens | | ਕਾਲਜ ਮਾਟੋ : ਬੁਧਿ ਸ ਦੀਪਕ ਜਿਓ ਉਜਿਆਰੈ |
| | | ਕਾਲਜ ਦਾ ਮਾਟੋ ਆਪਣੇ ਆਪ ਵਿੱਚ ਜ਼ਿੰਦਗੀ ਦਾ ਗੁੱਝਾ ਭੇਦ ਸਮੋਈ ਬੈਠਾ ਹੈ<br>ਭਾਵ ਜਿਵੇਂ ਦੀਪਕ ਜਲਣ ਉਪਰੰਤ ਰੌਸ਼ਨੀ ਪ੍ਰਦਾਨ ਕਰਦਾ ਹੈ ਬਿਲਕੁਲ ਉਸੇ ਤਰ੍ਹਾਂ ਹੀ ਮਨੁੱਖ ਦੀ ਬੁੱਧੀ ਨੂੰ ਵਿੱਦਿਆ ਹਾਸਲ ਕਰਕੇ ਹੀ ਚਾਨਣ ਪ੍ਰਾਪਤ ਹੁੰਦਾ ਹੈ |
| | | |

**ਦਾਖਲਾ ਸਹਾਇਤਾ ਯੂਨਿਟ**

| | | |
|---|---|---|
| ਡਾ. ਸਤਨਾਮ ਸਿੰਘ | 99140-33400 | ਬੀ.ਏ. |
| ਸ੍ਰੀ. ਕੁਲਵਿੰਦਰ ਸ਼ਰਮਾ | 99158-13657 | |
| ਡਾ. ਹਰਜਿੰਦਰਪਾਲ ਕੌਰ | 95018-00946 | |
| ਡਾ. ਅੰਮ੍ਰਿਤਪਾਲ ਸਿੰਘ | 95016-77122 | |
| ਡਾ. ਵਰਿੰਦਰ ਸਿੰਘ | 9888276406 | |
| ਸ੍ਰੀ.ਅਜੇ ਕੁਮਾਰ | 99152-50524 | ਬੀਸੀਏ, ਐਮ.ਐਸਸੀ, ਪੀ.ਜੀ.ਡੀ.ਸੀ.ਏ |
| ਸ੍ਰੀ. ਅੰਮ੍ਰਿਤਪਾਲ ਕੌਰ | 94645-09439 | |
| ਪ੍ਰੋ. ਮਨਤਾਰ ਸਿੰਘ | 95010-20646 | |

ਦਾਖਲਾ ਸ਼ਡਿਊਲ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤਾ ਜਾਵੇਗਾ । ਵਿਦਿਆਰਥੀ ਐਂਟਰੀ ਪੁਆਇੰਟ ਦਾਖਲਿਆਂ ਲਈ ਪੰਜਾਬ ਸਰਕਾਰ ਦੀ ਵੈਬਸਾਈਟ www.admission.punjab.gov.in/ 'ਤੇ ਦਾਖਲਾ ਫਾਰਮ ਭਰ ਸਕਦੇ ਹਨ।

# ਪ੍ਰਿੰਸੀਪਲ ਦੀ ਕਲਮ ਤੋਂ....

ਪਿਆਰੇ ਵਿਦਿਆਰਥੀਓ,



ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ, ਇਸ ਇਲਾਕੇ ਦੀ ਅਜਿਹੀ ਨਾਮਵਰ ਸੰਸਥਾ ਹੈ ਜਿਸ ਦੀ ਸ਼ੁਰੂਆਤ ਇਲਾਕੇ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਕੀਤੀ ਗਈ ਸੀ। ਸੰਨ 1982 ਤੋਂ ਇਹ ਸੰਸਥਾ ਆਪਣੀ ਇਹ ਭੂਮਿਕਾ ਬਾਖ਼ੂਬੀ ਨਿਭਾਅ ਰਹੀ ਹੈ। ਆਪਣੀ ਭੂਗੋਲਿਕ ਸਥਿਤੀ ਕਰਕੇ ਇਹ ਸੰਸਥਾ ਪੇਂਡੂ ਖੇਤਰ ਅਤੇ ਹਾਸ਼ੀਏ ਤੋਂ ਆਉਂਦੇ ਵਿਦਿਆਰਥੀਆਂ ਲਈ ਉੱਚ-ਸਿੱਖਿਆ ਗ੍ਰਹਿਣ ਕਰਨ ਦਾ ਇਕ ਮਹੱਤਵਪੂਰਨ ਵਸੀਲਾ ਬਣੀ ਹੋਈ ਹੈ।

ਸਿੱਖਿਆ ਮਨੁੱਖੀ ਜ਼ਿੰਦਗੀ ਲਈ ਕੀਮਤੀ ਵਰਦਾਨ ਹੈ। ਇਹ ਮਨੁੱਖ ਦਾ ਬਹੁ-ਪੱਖੀ ਵਿਕਾਸ ਕਰਦੀ ਹੋਈ ਉਸ ਨੂੰ ਭਵਿੱਖ ਦੀਆਂ ਚਣੌਤੀਆਂ ਨਾਲ ਸੰਘਰਸ਼ ਕਰਨ ਦੀ ਰੌਸ਼ਨੀ ਪ੍ਰਦਾਨ ਕਰਦੀ ਹੈ ਅਤੇ ਚੰਗੇ ਸਮਾਜਕ ਕਰਤੇ ਦੇ ਰੂਪ ਵਿੱਚ ਕਾਰਜ ਕਰਨ ਲਈ ਗਿਆਨ ਅਤੇ ਬਲ ਪ੍ਰਦਾਨ ਕਰਦੀ ਹੈ। ਕਿਸੇ ਵੀ ਸਮਾਜ ਦੇ ਵਿਕਾਸ ਨੂੰ ਮਾਪਣ ਲਈ ਸਿੱਖਿਆ ਇਕ ਅਹਿਮ ਕਾਰਕ ਹੈ। ਅੱਜ ਦੇ ਚਣੌਤੀਪੂਰਨ ਸਮੇਂ ਵਿਚ ਉੱਚ-ਸਿੱਖਿਆ ਦੀ ਅਹਿਮਅਤ ਹੋਰ ਵੀ ਵੱਧ ਗਈ ਹੈ, ਕਿਉਂਕਿ ਸੂਚਨਾ ਅਤੇ ਤਕਨਾਲੋਜੀ ਦੇ ਇਸ ਗਤੀਸ਼ੀਲ ਯੁੱਗ ਵਿੱਚ ਹਰ ਸਫ਼ਲਤਾ ਦਾ ਰਾਹ ਉੱਚ-ਸਿੱਖਿਆ ਵਿਚੋਂ ਹੀ ਉਸਰਦਾ ਹੈ। ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ ਇਸ ਕਾਰਜ ਲਈ ਵਚਨਬੱਧ ਹੈ।

ਸੰਸਥਾ ਸਮਾਨਤਾ ਦੇ ਅਧਿਕਾਰ ਦੀ ਤਰਜ਼ ਅਧੀਨ, ਸਮਾਨ ਸਿੱਖਿਆ ਅਤੇ ਸਮਾਨ ਮੌਕਿਆਂ ਦੇ ਸਿਧਾਂਤ ਦੀ ਪਾਲਣਾ ਕਰਦੀ ਹੈ। ਮੈਨੂੰ ਆਸ ਹੈ ਕਿ ਨਵੇਂ ਵਿਦਿਆਰਥੀ ਸੰਸਥਾ ਦੇ ਅਨੁਸ਼ਾਸਨ ਨੂੰ ਬਰਕਰਾਰ ਰੱਖਦੇ ਹੋਏ ਸਿੱਖਿਆ ਦੀ ਦੁਵੱਲੀ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣਗੇ। ਮੈਂ ਵਿੱਦਿਅਕ ਸੈਸ਼ਨ 2026-27 ਲਈ ਇਸ ਸੰਸਥਾ ਦੇ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦਾ ਹਾਂ ਅਤੇ ਤੁਹਾਡੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹਾਂ।

ਸ਼ੁਭ-ਕਾਮਨਾਵਾਂ!

ਪ੍ਰਿੰਸੀਪਲ

ਡਾ. ਗੁਲਸ਼ਨ ਕੁਮਾਰ

ਪੀ.ਈ.ਐੱਸ-1

# ਤਤਕਰਾ

ਜਾਣ ਪਛਾਣ ........ 8

ਕਾਲਜ ਸਟਾਫ਼........ 9

ਅਧਿਐਨ ਲਈ ਉਪਲਬਧ ਰੈਗੂਲਰ ਕੋਰਸ, ਵਿਸ਼ੇ/ਵਿਸ਼ਿਆਂ ਦੇ ਜੁੱਟ........ 11

ਵਿਸ਼ਾ ਚੋਣ ਸਬੰਧੀ ਜ਼ਰੂਰੀ ਹਦਾਇਤਾਂ ........ 13

ਐਚ.ਈ.ਆਈ.ਐਸ.ਅਧੀਨ ਬੀ.ਸੀ.ਏ.ਅਤੇ ਪੀ.ਜੀ.ਡੀ.ਸੀ.ਏ, M.SC.(IT) ਦੇ ਕੋਰਸਾਂ ਸਬੰਧੀ ਵੇਰਵਾ ........ 16

ਰਾਖਵੀਆਂ ਸੀਟਾਂ, ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਮੁੱਢਲਾ ਗਿਆਨ ........ 18

ਦਾਖਲਿਆਂ ਸੰਬੰਧੀ ਜ਼ਰੂਰੀ ਨਿਯਮ ........ 20

ਸੈਸ਼ਨ : 2026-27 ਦੇ ਦਾਖਲੇ ਸਬੰਧੀ ਜਨਰਲ ਤੇ ਜ਼ਰੂਰੀ ਹਦਾਇਤਾਂ ........ 22

ਫੀਸਾਂ ਤੇ ਫੰਡਾਂ ਦਾ ਵੇਰਵਾ........ 24

ਫੀਸਾਂ ਸਬੰਧੀ ਨਿਯਮ ........ 27

ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ ........ 28

ਵਿਸ਼ਾ ਤਬਦੀਲੀ, ਕਾਲਜ ਛੱਡਣਾ, ਛੁੱਟੀ ਦੇ ਨਿਯਮ, ਕਾਲਜ ਤੋਂ ਗੈਰਹਾਜ਼ਰੀ, ਘਰੇਲੂ ਪ੍ਰੀਖਿਆਵਾਂ, ਯੂਨੀਵਰਸਿਟੀ ਪ੍ਰੀਖਿਆ ਲਈ ਪਾਤਰਤਾ, ਹਾਜ਼ਰੀਆਂ, ਲਾਇਬ੍ਰੇਰੀ ਕਮ ਸ਼ਨਾਖਤੀ ਕਾਰਡ, ਟਿਊਟੋਰੀਅਲ ਗਰੁੱਪ ........ 30

ਕੈਰੀਅਰ ਗਾਇਡੈਂਸ ਅਤੇ ਕਾਊਂਸਲਿੰਗ ਸੈੱਲ, ਐਂਟੀਰੈਗਿੰਗ ਅਤੇ ਸ਼ਿਕਾਇਤ ਨਿਵਾਰਨ ਸੈੱਲ, ਕਾਲਜ ਕੰਟੀਨ, ਬਿਜਲੀ ਜਨਰੇਟਰ, ਪਾਰਕਿੰਗ ਦੀ ਸਹੂਲਤ, ਬੱਸ ਪਾਸ ........ 34

ਸਹਿ-ਵਿੱਦਿਅਕ ਗਤੀਵਿਧੀਆਂ ........ 35

ਮਹੱਤਵਪੂਰਨ ਯੂਨਿਟ ਅਤੇ ਕਮੇਟੀਆਂ........ 37

ਵਜੀਫ਼ੇ ਅਤੇ ਵਿੱਤੀ ਸਹਾਇਤਾ........ 39

ਇਨਾਮ ਅਤੇ ਸਨਮਾਨ ਦੇਣ ਦੇ ਨਿਯਮ ........................................................................................................ 42

# ਜਾਣ ਪਛਾਣ

ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ, ਕੋਟਕਪੁਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਹੈ। ਇਹ ਮਾਲਵਾ ਖੇਤਰ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚੋਂ ਇੱਕ ਹੈ। ਇਹ ਕਾਲਜ ਕੋਟਕਪੂਰਾ ਦੀ ਮਿਉਂਸੀਪਲ ਕੌਂਸਲ ਵੱਲੋਂ 1982 ਈ. ਵਿੱਚ ਸਥਾਪਿਤ ਕੀਤਾ ਗਿਆ ਅਤੇ 1997 ਈ. ਵਿੱਚ ਪੰਜਾਬ ਸਰਕਾਰ ਨੇ ਇਸ ਨੂੰ ਸਰਕਾਰੀ ਪ੍ਰਬੰਧਨ ਹੇਠ ਲੈ ਲਿਆ । ਇਸ ਕਾਲਜ ਦੀ ਫਰੀਦਕੋਟ ਜ਼ਿਲ੍ਹੇ ਵਿੱਚ ਕੇਂਦਰੀ ਸਥਿਤੀ ਹੈ। ਇਹ ਬਠਿੰਡਾ-ਕੋਟਕਪੁਰਾ-ਫਿਰੋਜ਼ਪੁਰ ਰੇਲਵੇ ਮਾਰਗ ਅਤੇ ਰਾਸ਼ਟਰੀ ਸੜਕ ਮਾਰਗ ਨੰ. 15 ਉੱਤੇ ਸਥਿਤ ਹੈ। ਇਸ ਕਾਲਜ ਵਿੱਚ ਕੋਟਕਪੁਰਾ ਸ਼ਹਿਰ ਤੋਂ ਇਲਾਵਾ, ਆਲੇ ਦੁਆਲੇ ਦੇ ਕਈ ਪਿੰਡਾਂ ਤੋਂ ਵਿਦਿਆਰਥੀ ਵਿੱਦਿਆ ਪ੍ਰਾਪਤ ਕਰਨ ਲਈ ਆਉਂਦੇ ਹਨ। ਇਹ ਕੋਟਕਪੂਰਾ ਦੇ ਬੱਸ ਸਟੈਂਡ ਤੋਂ ਬਠਿੰਡਾ-ਬਾਜਾਖਾਨਾ ਸੜਕ ’ਤੇ ਕੇਵਲ ਇੱਕ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।

ਇਹ ਕਾਲਜ ਭਾਰਤ ਸਰਕਾਰ ਦੀ ਸੰਸਥਾ NAAC (ਨੈਸ਼ਨਲ ਅਸੈਸਮੈਂਟ ਐਂਡ ਅਕਰੈਡੀਟੇਸ਼ਨ ਕੌਂਸਲ ਨਵੀਂ ਦਿੱਲੀ) ਵੱਲੋਂ ਪ੍ਰਮਾਣਿਤ ਹੈ।ਕਾਲਜ ਵਿਖੇ ਵਿਸ਼ਾਲ ਵਿਦਿਅਕ ਬਲਾਕ ‘ਏ’ ਅਤੇ ਵਿਦਿਅਕ ਬਲਾਕ ‘ਬੀ’ ਬਣਿਆ ਹੋਇਆ ਹੈ ਜਿਸ ਵਿੱਚ ਲੋੜੀਂਦੇ ਕਲਾਸ ਰੂਮਾਂ ਤੋਂ ਬਿਨਾਂ ਤਿੰਨ ਕੰਪਿਊਟਰ ਲੈਬ, ਤਿੰਨ ਵੱਡੇ ਲੈਕਚਰ ਹਾਲ, ਪ੍ਰਯੋਗਸ਼ਾਲਾਵਾਂ ਤੇ ਖੇਡ ਦੇ ਮੈਦਾਨ ਆਦਿ ਮੌਜੂਦ ਹਨ । ਕਾਲਜ ਦਾ ਇਕ ਵੱਖਰਾ ਪ੍ਰਬੰਧਕੀ ਬਲਾਕ ਹੈ ਅਤੇ ਦਫ਼ਤਰ ਦਾ ਸਾਰਾ ਕੰਮ ਕੰਪਿਊਟਰੀਕ੍ਰਿਤ ਕੀਤਾ ਗਿਆ ਹੈ। ਵਿਦਿਆਰਥੀਆਂ ਅਤੇ ਸਟਾਫ ਲਈ ਵਧੀਆ ਕੰਟੀਨ ਦੀ ਸਹੂਲਤ ਮੌਜੂਦ ਹੈ। ਮਲਟੀ-ਪਰਪਜ਼ ਹਾਲ ਅਤੇ ਸਪੋਰਟਸ ਹਾਲ ਦੇ ਨਵੀਨ ਪ੍ਰੋਜੈਕਟ ਵਿਭਾਗੀ ਕਾਰਵਾਈ ਅਧੀਨ ਹਨ।

ਕਾਲਜ ਦੇ ਅੰਦਰ ਕਈ ਖੇਡ ਦੇ ਮੈਦਾਨ ਜਿਵੇਂਕਿ ਕ੍ਰਿਕਟ, ਬਾਸਕਟਬਾਲ, ਬੈਡਮਿੰਟਨ, ਲਾਨ ਟੈਨਿਸ, ਕਬੱਡੀ, ਫੁੱਟਬਾਲ, ਹਾਕੀ, ਖੋ-ਖੋ, ਵਾਲੀਵਾਲ ਆਦਿ ਬਣੇ ਹੋਏ ਹਨ। ਕਾਲਜ ਵਿਖੇ ਖੇਡ ਸਟੇਡੀਅਮ ਮੌਜੂਦ ਹੈ ਜਿਸ ਵਿੱਚ ਖੇਡ ਗਤੀਵਿਧੀਆਂ ਲਈ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ। ਆਧੁਨਿਕ ਵਿੱਦਿਆ ਦੇਣ ਲਈ ਸਮਾਰਟ ਕਲਾਸ ਰੂਮਜ਼ ਅਤੇ ਵਰਚੂਅਲ ਕਲਾਸ ਰੂਮਜ਼ ਵਰਗੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ। ਇਸ ਸੰਸਥਾ 'ਚ ਆਰਟਸ ਦੇ ਕਈ ਵਿਸ਼ੇ ਪੜ੍ਹਾਏ ਜਾਂਦੇ ਹਨ ਜਿਵੇਂ : ਭੂਗੋਲ, ਹੋਮ-ਸਾਇੰਸ, ਮਨੋਵਿਗਿਆਨ, ਸੰਗੀਤ (ਸਾਜ਼) ਸੰਗੀਤ (ਆਵਾਜ਼), ਸਰੀਰਕ ਸਿੱਖਿਆ, ਅਰਥਸ਼ਾਸਤਰ, ਇਤਿਹਾਸ, ਅੰਗਰੇਜ਼ੀ- ਸਾਹਿਤ, ਪੰਜਾਬੀ-ਸਾਹਿਤ, ਹਿੰਦੀ ਸਾਹਿਤ, ਰਾਜਨੀਤੀ ਸ਼ਾਸ਼ਤਰ ਅਤੇ ਕੰਪਿਊਟਰ ਆਦਿ। ਹਰ ਵਰ੍ਹੇ ਵੱਖ-ਵੱਖ ਵਿਸ਼ਿਆਂ ਦੀਆਂ ਸਭਾਵਾਂ ਬਣਾਈਆਂ ਜਾਂਦੀਆਂ ਹਨ ਜੋ ਸਾਲ ਭਰ ਅਕਾਦਮਿਕ ਗਤੀਵਿਧੀਆਂ ਕਰਵਾਉਂਦੀਆਂ ਹਨ। ਕਾਲਜ ਦੇ ਯੁਵਕ ਸੇਵਾਵਾਂ ਵਿਭਾਗ ਦੁਆਰਾ ਵਿਦਿਆਰਥੀਆਂ ਅੰਦਰ ਸੂਖਮ-ਕਲਾਵਾਂ ਨੂੰ ਵਿਕਸਤ ਕਰਨ ਲਈ ਸੱਭਿਆਚਾਰਕ ਗਤੀਵਿਧੀਆਂ ਅਧੀਨ ਵੱਖ-ਵੱਖ ਆਈਟਮਾਂ ਦੀਆਂ ਟੀਮਾਂ ਤਿਆਰ ਕਰਵਾਈਆਂ ਜਾਂਦੀਆਂ ਹਨ, ਜੋ ਯੁਵਕ-ਮੇਲਿਆਂ ਵਿੱਚ ਭਾਗ ਲੈਂਦੀਆਂ ਹਨ। ਵਿਦਿਆਰਥੀਆਂ ਅੰਦਰ ਸਾਹਿਤਕ ਰੁਚੀਆਂ ਵਿਕਸਤ ਕਰਨ ਲਈ ਕਾਲਜ ਵੱਲੋਂ ਮੈਗਜ਼ੀਨ 'ਕੁਕਨਸ' ਪ੍ਰਕਾਸ਼ਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੇ ਭਵਿੱਖ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਕਾਲਜ ਦਾ ਕੈਰੀਅਰ ਗਾਈਡੈਂਸ ਯੂਨਿਟ ਸਹਾਇਕ ਦਾ ਕੰਮ ਕਰਦਾ ਹੈ, ਜੋ ਕਿ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਕੈਰੀਅਰ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ। ਕਾਲਜ ਵਿੱਚ ਹਾਇਰ ਐਜੂਕੇਸ਼ਨ ਸੁਸਾਇਟੀ ਦੁਆਰਾ ਬੀ.ਸੀ.ਏ, ਪੀ.ਜੀ.ਡੀ.ਸੀ.ਏ, ਐਮ. ਐਸ. ਸੀ (ਆਈ.ਟੀ) ਅਤੇ ਬੀ.ਕਾਮ ਵਰਗੇ ਸਵੈ-ਵਿੱਤੀ ਕੋਰਸ ਚਲਾਏ ਜਾ ਰਹੇ ਹਨ।

## ਕਾਲਜ ਸਟਾਫ਼

**(ਅਧਿਆਪਨ ਅਤੇ ਗੈਰ ਅਧਿਆਪਨ)**

**ਪ੍ਰਿੰਸੀਪਲ**

**ਡਾ. ਗੁਲਸ਼ਨ ਕੁਮਾਰ**

ਪੀ.ਈ.ਐੱਸ-I

ਡਾ ਹਰਜਿੰਦਰਪਾਲ ਕੌਰ (ਭੂਗੋਲ ਵਿਭਾਗ)

ਡਾ.ਅੰਮ੍ਰਿਤਪਾਲ ਸਿੰਘ (ਸੰਗੀਤ ਆਵਾਜ਼ ਵਿਭਾਗ)

ਮਿਸ. ਪੂਨਮ ਅਰੋੜਾ (ਅੰਗਰੇਜ਼ੀ ਵਿਭਾਗ)

ਸ਼੍ਰੀਮਤੀ ਅਨੀਤਾ ਬੇਦੀ (ਅਰਥਸ਼ਾਸਤਰ ਵਿਭਾਗ)

ਸ਼੍ਰੀ. ਰਣਜੀਤ ਸਿੰਘ (ਇਤਿਹਾਸ ਵਿਭਾਗ)

ਸ਼੍ਰੀ. ਸੁਖਵੀਰ ਕੌਰ (ਪੰਜਾਬੀ ਵਿਭਾਗ)

ਸ਼੍ਰੀਮਤੀ ਸ਼ਹਿਨਾਜ਼ ਬੇਗਮ (ਪੰਜਾਬੀ ਵਿਭਾਗ)

ਸ਼੍ਰੀ. ਜਰਨੈਲ ਸਿੰਘ (ਭੂਗੋਲ ਵਿਭਾਗ)

ਸ਼੍ਰੀ. ਸ਼ਮਾ (ਅੰਗਰੇਜ਼ੀ ਵਿਭਾਗ)

**ਕੰਪਿਊਟਰ ਅਤੇ ਇਨਫਰਮੇਸ਼ਨ ਟੈਕਨਾਲੋਜੀ ਵਿਭਾਗ (H.E.I.S. ਅਧੀਨ):**

ਸ਼੍ਰੀਮਤੀ ਅਮ੍ਰਿੰਤਪਾਲ ਕੌਰ (ਅਸਿਸਟੈਂਟ ਪ੍ਰੋਫੈਸਰ)

ਸ਼੍ਰੀ ਅਜੈ ਕੁਮਾਰ (ਅਸਿਸਟੈਂਟ ਪ੍ਰੋਫੈਸਰ)

ਸ਼੍ਰੀ ਹਰਪ੍ਰੀਤ ਸਿੰਘ (ਅਸਿਸਟੈਂਟ ਪ੍ਰੋਫੈਸਰ)

ਸ਼੍ਰੀ ਗਰੀਸ਼ ਸ਼ਰਮਾ (ਅਸਿਸਟੈਂਟ ਪ੍ਰੋਫੈਸਰ)

ਸ਼੍ਰੀਮਤੀ ਰੂਪਾਲੀ ਲੂੰਬਾ (ਅਸਿਸਟੈਂਟ ਪ੍ਰੋਫੈਸਰ)

ਸ਼੍ਰੀ ਕਰਮਜੀਤ ਸਿੰਘ (ਲੈਬ ਇੰਸਟਰਕਟਰ)

ਸ਼੍ਰੀ ਸੋਹਨ ਸਿੰਘ (ਕਲਰਕ)

ਸ਼੍ਰੀਮਤੀ ਮਨਜਿੰਦਰ ਕੌਰ (ਪੀਅਨ/ਸਫਾਈ ਸੇਵਕ)

**ਦਫਤਰੀ ਅਮਲਾ ਅਤੇ ਇੰਚਾਰਜ ਕਰਮਚਾਰੀ:**

ਦਫਤਰ ਸੁਪਰਡੈਂਟ: ਖਾਲੀ

ਸ਼੍ਰੀਮਤੀ ਵੀਰਦੀਪ ਕੌਰ (ਜੂਨੀਅਰ ਅਸੀਸਟੈਂਟ)

ਸ਼੍ਰੀ ਮਾਨਿਕ ਸ਼ਾਹ (ਯੂਨੀਵਰਸਿਟੀ ਅਤੇ ਫੀਸ ਕਲਰਕ)

ਸ਼੍ਰੀ ਅਜੈਪਾਲ ਸਿੰਘ (ਕਲਰਕ ਵਜੀਫੇ ਫੰਡ)

ਸ਼੍ਰੀਮਤੀ ਅਮਨਦੀਪ ਸ਼ਰਮਾ (ਕਲਰਕ ਵਜੀਫੇ)

ਸ਼੍ਰੀਮਤੀ ਰਜਿੰਦਰ ਕੌਰ (ਸਟੈਨੋ)

ਸ਼੍ਰੀ ਗੁਰਵਿੰਦਰ ਸਿੰਘ (ਡਾਟਾ ਸੰਚਾਲਕ)

ਡਾ. ਸਤਨਾਮ ਸਿੰਘ (ਸਰੀਰਕ ਸਿੱਖਿਆ ਵਿਭਾਗ)

ਸ਼੍ਰੀਮਤੀ ਰਮਨਪ੍ਰੀਤ ਕੌਰ (ਹੋਮ ਸਾਇੰਸ ਵਿਭਾਗ)

ਸ਼੍ਰੀ. ਪਿੱਪਲ ਸਿੰਘ (ਸੰਗੀਤ ਸਾਜ਼ ਵਿਭਾਗ)

ਸ਼੍ਰੀਮਤੀ ਅਮਨਦੀਪ ਕੌਰ (ਹੋਮ ਸਾਇੰਸ ਵਿਭਾਗ)

ਡਾ. ਮਨਦੀਪ ਕੌਰ (ਇਤਿਹਾਸ ਵਿਭਾਗ)

ਡਾ. ਵੀਨੂੰ ਰਾਣੀ (ਕੰਪਿਊਟਰ ਸਾਇੰਸ ਵਿਭਾਗ)

ਮਿਸ. ਹਰਨੀਤ ਕੌਰ (ਇਤਿਹਾਸ ਵਿਭਾਗ)

ਡਾ. ਸਤਨਾਮ ਸਿੰਘ (ਅੰਗਰੇਜ਼ੀ ਵਿਭਾਗ)

ਮਿਸ. ਕੰਵਲਦੀਪ ਕੌਰ (ਅੰਗਰੇਜ਼ੀ ਵਿਭਾਗ)

ਡਾ. ਰਚਨਾ (ਹਿੰਦੀ ਵਿਭਾਗ)

ਸ਼੍ਰੀ. ਕੁਲਵਿੰਦਰ ਸ਼ਰਮਾ (ਪੰਜਾਬੀ ਵਿਭਾਗ)

ਸ਼੍ਰੀ. ਗੁਰਤੇਜ ਸਿੰਘ (ਪੰਜਾਬੀ ਵਿਭਾਗ)

ਡਾ. ਵਰਿੰਦਰ ਸਿੰਘ (ਪੰਜਾਬੀ ਵਿਭਾਗ)

**ਲਾਇਬ੍ਰੇਰੀ ਸਟਾਫ਼**

ਲਾਇਬ੍ਰੇਰੀਅਨ: ਖਾਲੀ

ਸ਼੍ਰੀ ਮਨਦੀਪ ਸਿੰਘ (ਰਿਸਟੋਰਰ)

**ਦਰਜਾ ਚਾਰ ਕਰਮਚਾਰੀ :**

ਗੇਮ ਬੁਆਏ (ਸਪੋਰਟਸ): ਖਾਲੀ

ਮਾਲੀ: ਸ਼੍ਰੀ ਮੋਤੀ ਲਾਲ

ਵਾਟਰ ਵੋਮੈਨ: ਸ਼੍ਰੀਮਤੀ ਕ੍ਰਿਸ਼ਨਾ ਦੇਵੀ

ਸਫਾਈ ਸੇਵਕ: ਸ਼੍ਰੀ ਗੁਰਪ੍ਰੀਤ ਸਿੰਘ

**ਕਾਲਜ ਵਿੱਚ ਚੱਲ ਰਹੇ ਕੋਰਸ**

| **ਨੰਬਰ** | **ਕੋਰਸ** | **ਸੀਟਾਂ** | **ਸਮਾਂ ਅਵਧੀ** |
|---|---|---|---|
| 1. | ਬੀ.ਏ | 400 | NEP ਅਧੀਨ 4 ਸਾਲਾ ਕੋਰਸ |
| 2. | ਬੀ.ਸੀ.ਏ (HEIS ਅਧੀਨ) | 50 | NEP ਅਧੀਨ 4 ਸਾਲਾ ਕੋਰਸ |
| 3. | ਐਮ. ਐਸਸੀ. ਆਈਟੀ. (HEIS ਅਧੀਨ) | 40 | ਦੋ ਸਾਲ |
| 4. | ਐਮ. ਐਸਸੀ. ਆਈਟੀ. (ਲੇਟਰਲ ਐਂਟਰੀ) (HEIS ਅਧੀਨ) | 40 | ਇਕ ਸਾਲ |
| 5. | ਪੀ.ਜੀ.ਡੀ.ਸੀ.ਏ (HEIS ਅਧੀਨ) | 40 | ਇਕ ਸਾਲ |

1. ਅੰਡਰ ਗ੍ਰੈਜੂਏਟ ਕੋਰਸ (ਐਂਟਰੀ ਪੁਆਇੰਟ ਦਾਖਲੇ) ਵਿਚ ਦਾਖਲੇ ਲਈ ਵਿਸਥਾਰਪੂਰਵਕ ਜਾਣਕਾਰੀ ਇਸ ਪ੍ਰਾਸਪੈਕਟਸ ਵਿਚ ਅੱਗੇ ਦਿੱਤੀ ਗਈ ਹੈ।

2. HEIS ਵਿਚ ਚੱਲ ਰਿਹਾ BCA ਕੋਰਸ ਵੀ NEP 2020 ਦੀਆਂ ਹਿਦਾਇਤਾਂ ਦੇ ਅਧੀਨ ਹੈ।

# ਅਧਿਐਨ ਲਈ ਉਪਲਬਧ ਰੈਗੂਲਰ ਕੋਰਸ, ਵਿਸ਼ੇ/ਵਿਸ਼ਿਆਂ ਦੇ ਜੁੱਟ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ NEP (New Eucation Policy) ਅਪਣਾ ਲਈ ਗਈ ਹੈ। ਇਸ ਵਿੱਚ ਵਿਦਿਆਰਥੀ ਹੇਠ ਲਿਖੇ ਅਨੁਸਾਰ ਵਿਸ਼ੇ ਲੈ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਵਿਦਿਆਰਥੀ ਨੇ ਜੋ ਵਿਸ਼ਾ ਫਾਰਮ ਵਿੱਚ ਭਰਿਆ ਹੈ ਉਹੀ ਵਿਸ਼ਾ ਵਿਦਿਆਰਥੀ ਨੂੰ ਮਿਲੇ। ਵਿਸ਼ਿਆਂ ਵਿੱਚ ਮੈਰਿਟ ਅਨੁਸਾਰ ਫੇਰ ਬਦਲ ਕਰਨ ਦਾ ਅਧਿਕਾਰ ਕਾਲਜ ਕੋਲ ਰਹੇਗਾ ।

**ਬੀ.ਏ/ਬੀ.ਏ (ਆਨਰਜ਼)**
**ਬਹੁ-ਅਨੁਸ਼ਾਸਨੀ**
**ਅੰਡਰ ਗ੍ਰੈਜੂਏਟ ਪ੍ਰੋਗਰਾਮ**
**(ਸਮਾਜਕ ਵਿਗਿਆਨ/ਭਾਸ਼ਾਵਾਂ/ਪ੍ਰਦਰਸ਼ਨੀ ਕਲਾਵਾਂ**

| Semester | MAJ-A | MAJ-B | MAJ-C | MIN | IDC/MDC | AEC | SEC | VAC (Comm) | Pbi. Comp** | Total |
|---|---|---|---|---|---|---|---|---|---|---|
| Credits | 4 | 4 | 4 | 4 | 3 | 2 | 3 | 2 | 4 | |
| I | MAJ-A- 1 | MAJ-B-1 | MAJ-C-1 | Min-1 | IDC/MDC-1 | Eng-1 | SEC-1 | VAC-1 | PBI-1 | 30 |
| II | MAJ-A- 2 | MAJ-B-2 | MAJ-C-2 | Min-2 | IDC/MDC-2 | Eng-2 | SEC-2 | VAC-2 | PBI-2 | 30 |
| **ਜਿਹੜੇ ਵਿਦਿਆਰਥੀ ਪਹਿਲੇ ਸਾਲ ਤੋਂ ਬਾਅਦ ਪੜ੍ਹਾਈ ਛੱਡਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪੜ੍ਹਾਈ ਛੱਡਣ ਤੋਂ ਪਹਿਲਾਂ 4 ਕ੍ਰੈਡਿਟ (30 ਘੰਟੇ ਪ੍ਰਤੀ ਕ੍ਰੈਡਿਟ x 4 ਕ੍ਰੈਡਿਟ = 120 ਘੰਟੇ) ਦਾ ਆਪਣਾ ਵੋਕੇਸ਼ਨਲ ਕੋਰਸ/ਇੰਟਰਨਸ਼ਿਪ/ਅਪ੍ਰੈਂਟਿਸਸ਼ਿਪ ਪੂਰਾ ਕਰਨਾ ਹੋਵੇਗਾ ਤਾਂ ਜੋ ਉਹ ਅੰਡਰ-ਗ੍ਰੈਜੂਏਟ ਸਰਟੀਫਿਕੇਟ ਕੋਰਸ ਦੇ ਯੋਗ ਹੋ ਸਕਣ।** | | | | | | | | | | |
| III | MAJ-A- 3 | MAJ-B-3 | MAJ-C-3 | Min-3 | | Eng-3/ MIL-1 | SEC-3 | VAC-3 | PBI-3 | 27 |
| IV | MAJ-A-4 | MAJ-B-4 | MAJ-C-4 | Min-4 | IDC/MDC-3 | Eng-4/ MIL-2 | | VAC-4 | PBI-4 | 27 |
| **ਦੂਜੇ ਸਾਲ ਤੋਂ ਬਾਅਦ ਐਗਜ਼ਿਟ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਐਗਜ਼ਿਟ ਤੋਂ ਪਹਿਲਾਂ 4 ਕ੍ਰੈਡਿਟ (30 ਘੰਟੇ ਪ੍ਰਤੀ ਕ੍ਰੈਡਿਟ x 4 ਕ੍ਰੈਡਿਟ = 120 ਘੰਟੇ) ਦਾ ਆਪਣਾ ਵੋਕੇਸ਼ਨਲ ਕੋਰਸ/ਇੰਟਰਨਸ਼ਿਪ/ਅਪ੍ਰੈਂਟਿਸਸ਼ਿਪ ਪੂਰਾ ਕਰਨਾ ਹੋਵੇਗਾ ਤਾਂ ਜੋ ਉਹ ਅੰਡਰ ਗ੍ਰੈਜੂਏਟ ਡਿਪਲੋਮਾ ਕੋਰਸ ਦੇ ਯੋਗ ਹੋ ਸਕਣ।** | | | | | | | | | | |
| V | MAJ-A-5 | MAJ-B-5 | MAJ-C-5 | Min-5 | | | IT/CS* | | PBI-5 | 20+4* |
| VI | MAJ-A- 6<br>MAJ-A- 7 | MAJ-B-6 | MAJ-C-6 | Min-6 | | | | | PBI-6 | 24 |
| **ਪ੍ਰੋਗਰਾਮ ਦੇ 3 ਸਾਲ ਸਫਲਤਾਪੂਰਵਕ ਪੂਰੇ ਹੋਣ ਤੋਂ ਬਾਅਦ, ਉਮੀਦਵਾਰ ਨੂੰ ਮੇਜਰ ਅਤੇ ਮਾਈਨਰ ਵਿੱਚ ਬੀ.ਏ. ਦੀ ਡਿਗਰੀ ਪ੍ਰਦਾਨ ਕੀਤੀ ਜਾਵੇਗੀ। ਉਮੀਦਵਾਰ ਨੂੰ ਮਾਈਨਰ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਹ ਪਹਿਲੇ ਤਿੰਨ ਸਾਲਾਂ ਵਿੱਚ ਕਿਸੇ ਖਾਸ ਮਾਈਨਰ ਤੋਂ ਘੱਟੋ-ਘੱਟ 12 ਕ੍ਰੈਡਿਟ ਪੂਰੇ ਕਰਦਾ ਹੈ।** | | | | | | | | | | |
| VII | MAJ-A- 8 | MAJ-B-7<br>MAJ-B-8 | MAJ-C-7 | Min-7 | | | | | PBI-7 | 24 |
| VIII | MAJ-A- 9 | MAJ-B-9 | MAJ-C-8<br>MAJ-C-9 | Min-8 | | | | | PBI-8 | 24 |
| **ਪ੍ਰੋਗਰਾਮ ਦੇ 4 ਸਾਲ ਸਫਲਤਾਪੂਰਵਕ ਪੂਰੇ ਹੋਣ ਤੋਂ ਬਾਅਦ, ਉਮੀਦਵਾਰ ਨੂੰ ਬੀ.ਏ. (ਆਨਰਜ਼) ਦੀ ਡਿਗਰੀ ਦਿੱਤੀ ਜਾਵੇਗੀ, ਜਿਸ ਵਿੱਚ ਮੇਜਰ ਅਤੇ ਮਾਈਨਰ ਸ਼ਾਮਲ ਹੋਣਗੇ। ਉਮੀਦਵਾਰ ਨੂੰ ਮਾਈਨਰ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਹ ਪਹਿਲੇ ਚਾਰ ਸਾਲਾਂ ਵਿੱਚ ਕਿਸੇ ਖਾਸ ਮਾਈਨਰ ਤੋਂ ਘੱਟੋ-ਘੱਟ 16 ਕ੍ਰੈਡਿਟ ਪੂਰੇ ਕਰਦਾ ਹੈ।** | | | | | | | | | | |

**ਨੋਟ:**

• 4 ਕ੍ਰੈਡਿਟ ਕੋਰਸ ਲਈ ਜਿਸ ਵਿੱਚ ਪ੍ਰੈਕਟੀਕਲ ਜਾਂ ਪ੍ਰਯੋਗਸ਼ਾਲਾ ਹਿੱਸੇ ਦੀ ਲੋੜ ਹੁੰਦੀ ਹੈ, ਥਿਊਰੀ ਅਤੇ ਪ੍ਰੈਕਟੀਕਲ/ਪ੍ਰਯੋਗਸ਼ਾਲਾ ਲਈ ਕ੍ਰੈਡਿਟ ਦੀ ਵੰਡ, 100 ਅੰਕਾਂ ਦੇ 3 ਕ੍ਰੈਡਿਟ (ਥਿਊਰੀ) ਅਤੇ 50 ਅੰਕਾਂ ਦੇ 1 ਕ੍ਰੈਡਿਟ (ਪ੍ਰੈਕਟੀਕਲ) ਹੋਵੇਗੀ। 3 ਕ੍ਰੈਡਿਟ ਕੋਰਸ ਲਈ ਜਿਸ ਵਿੱਚ ਪ੍ਰੈਕਟੀਕਲ ਜਾਂ ਪ੍ਰਯੋਗਸ਼ਾਲਾ ਹਿੱਸੇ ਦੀ ਲੋੜ ਹੁੰਦੀ ਹੈ, ਡਿਵੀਜ਼ਨ 50 ਅੰਕਾਂ ਦੇ 2 ਕ੍ਰੈਡਿਟ (ਥਿਊਰੀ) ਅਤੇ 50 ਅੰਕਾਂ ਦਾ 1 ਕ੍ਰੈਡਿਟ (ਪ੍ਰੈਕਟੀਕਲ) ਹੋਵੇਗਾ।

• ਅੰਡਰ-ਗ੍ਰੈਜੂਏਟ ਸਰਟੀਫਿਕੇਟ/ਅੰਡਰ-ਗ੍ਰੈਜੂਏਟ ਡਿਪਲੋਮਾ/ਅੰਡਰ-ਗ੍ਰੈਜੂਏਟ ਡਿਗਰੀ/ਆਨਰਜ਼ ਨਾਲ ਅੰਡਰ-ਗ੍ਰੈਜੂਏਟ ਡਿਗਰੀ ਦੇ ਪੁਰਸਕਾਰ ਲਈ ਯੋਗ ਹੋਣ ਲਈ, ਵਿਦਿਆਰਥੀਆਂ ਨੂੰ ਆਰਡੀਨੈਂਸਾਂ ਵਿੱਚ ਨਿਰਧਾਰਤ ਘੱਟੋ-ਘੱਟ ਕ੍ਰੈਡਿਟ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ।

• *ਆਈ.ਟੀ. /ਸੀ.ਐਸ. – ਗਰਮੀਆਂ ਦੀ ਇੰਟਰਨਸ਼ਿਪ (ਆਈ.ਟੀ.)/ ਕਮਿਊਨਿਟੀ ਸਰਵਿਸ (ਸੀ.ਐਸ.)/ ਫੀਲਡ ਬੇਸਡ ਲਰਨਿੰਗ (ਐਫ.ਬੀ.ਐਲ.)/ਛੋਟਾ ਪ੍ਰੋਜੈਕਟ/ਵੋਕੇਸ਼ਨਲ ਕੋਰਸ ਜਾਂ ਕਾਲਜ/ਯੂਨੀਵਰਸਿਟੀ ਦੁਆਰਾ ਪ੍ਰਵਾਨਿਤ ਵੱਖ-ਵੱਖ ਸੰਗਠਨਾਂ ਅਤੇ ਉਦਯੋਗਾਂ ਨਾਲ ਕਿਸੇ ਵੀ ਕਿਸਮ ਦੀ ਅਪ੍ਰੈਂਟਿਸਸ਼ਿਪ, ਜੋ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਉਨ੍ਹਾਂ ਦੇ ਸਰੋਤਾਂ ਦੀ ਉਪਲਬਧਤਾ ਦੇ ਅਨੁਸਾਰ ਕੀਤੀ ਜਾ ਸਕਦੀ ਹੈ (30 ਘੰਟੇ ਪ੍ਰਤੀ ਕ੍ਰੈਡਿਟ x 4 ਕ੍ਰੈਡਿਟ=120 ਘੰਟੇ) ।

• *• **ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਵਿੱਚ ਅੰਡਰ-ਗ੍ਰੈਜੂਏਟ ਪ੍ਰੋਗਰਾਮ ਲਈ ਦਾਖਲ ਹੋਏ ਸਾਰੇ ਵਿਦਿਆਰਥੀਆਂ ਨੂੰ ਟੈਂਪਲੇਟ ਵਿੱਚ ਦਰਸਾਏ ਅਨੁਸਾਰ ਪ੍ਰਤੀ ਸਮੈਸਟਰ "ਪੰਜਾਬੀ ਭਾਸ਼ਾ" ਦਾ ਇੱਕ ਲਾਜ਼ਮੀ ਕੋਰਸ (4 ਕ੍ਰੈਡਿਟ) ਪੂਰਾ ਕਰਨਾ ਹੋਵੇਗਾ। ਪੰਜਾਬੀ ਭਾਸ਼ਾ ਕੋਰਸ (ਵਿਕਲਪ I ਅਤੇ II): ਵਿਕਲਪ-I ਅਧੀਨ ਕੋਰਸ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਨੇ ਪਹਿਲਾਂ ਹੀ 10ਵੀਂ / 12ਵੀਂ ਜਮਾਤ ਵਿੱਚ ਪੰਜਾਬੀ ਯੋਗਤਾ ਪ੍ਰਾਪਤ ਕੀਤੀ ਹੈ; ਵਿਕਲਪ-II ਅਧੀਨ ਕੋਰਸ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜੋ ਦੂਜੇ ਰਾਜਾਂ ਤੋਂ ਹਨ ਅਤੇ ਜਿਹਨਾਂ ਨੇ ਕਿਸੇ ਵੀ ਪੱਧਰ 'ਤੇ ਪੰਜਾਬੀ ਨਹੀਂ ਪੜ੍ਹੀ ਹੈ।

**ਬੀ.ਏ. ਭਾਗ-ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਸ਼ਿਆਂ ਦੇ ਜੁੱਟ ਇਸ ਪ੍ਰਕਾਰ ਹਨ:**

**ਬੀ.ਏ ਕੋਰਸ (ਬਹੁ-ਅਨੁਸ਼ਾਸਨੀ) ਲਈ ਮੇਜਰ ਵਿਸ਼ਿਆਂ ਦੇ ਗਰੁੱਪ**

| ਗਰੁੱਪ | ਵਿਸ਼ੇ |
|---|---|
| ਗਰੁੱਪ ਪਹਿਲਾ | ਪੰਜਾਬੀ ਸਾਹਿਤ, ਅੰਗਰੇਜ਼ੀ ਸਾਹਿਤ, ਹਿੰਦੀ ਸਾਹਿਤ |
| ਗਰੁੱਪ ਦੂਜਾ | ਸੰਗੀਤ ਸਾਜ਼, ਹੋਮ ਸਾਇੰਸ, ਸਰੀਰਕ ਸਿੱਖਿਆ, ਰਾਜਨੀਤੀ ਸ਼ਾਸਤਰ |
| ਗਰੁੱਪ ਤੀਜਾ | ਸੰਗੀਤ ਆਵਾਜ਼, ਭੂਗੋਲ, ਕੰਪਿਊਟਰ ਸਾਇੰਸ, ਅਰਥਸ਼ਾਸਤਰ |
| ਗਰੁੱਪ ਚੌਥਾ | ਇਤਿਹਾਸ, ਮਨੋਵਿਗਿਆਨ |

**ਨੋਟ: ਵਿਸ਼ਿਆਂ ਦੇ ਇਹ ਜੁੱਟ ਬੀ.ਏ. ਭਾਗ ਦੂਜਾ ਅਤੇ ਤੀਜਾ 'ਤੇ ਵੀ ਲਾਗੂ ਹੋਣਗੇ।**

## ਵਿਸ਼ਾ ਚੋਣ ਸਬੰਧੀ ਜ਼ਰੂਰੀ ਹਦਾਇਤਾਂ

1. ਹਰ ਵਿਦਿਆਰਥੀ ਨੇ ਉਕਤ ਵਿਸ਼ਾ ਜੁੱਟਾਂ ਵਿਚੋਂ ਤਿੰਨ ਮੇਜਰ ਵਿਸ਼ਿਆਂ ਦੀ ਚੋਣ ਕਰਨੀ ਹੈ। ਇੱਕ ਗਰੁੱਪ ਵਿੱਚੋਂ ਵਿਦਿਆਰਥੀ ਇੱਕ ਹੀ ਵਿਸ਼ਾ ਚੁਣ ਸਕਦਾ ਹੈ।
2. ਵਿਦਿਆਰਥੀ ਤਿੰਨ ਮੇਜਰ ਵਿਸ਼ੇ ਕਿਸੇ ਵੀ ਤਿੰਨ ਜੁੱਟਾਂ ਵਿੱਚੋਂ ਚੁਣ ਸਕਦਾ ਹੈ।
3. ਵਿਦਿਆਰਥੀ ਨੇ ਇਕ ਵਿਸ਼ੇ ਦੀ ਮਾਈਨਰ ਵਿਸ਼ੇ ਵਜੋਂ ਚੋਣ ਕਰਨੀ ਹੈ। ਮਾਈਨਰ ਵਿਸ਼ਾ ਮੇਜਰ ਵਿਸ਼ੇ ਤੋਂ ਵੱਖਰਾ ਹੋਣਾ ਚਾਹੀਦਾ ਹੈ। ਮਿਸਾਲ ਵਜੋਂ ਜੇ ਵਿਦਿਆਰਥੀ ਮੇਜਰ ਵਜੋਂ ਅਰਥਸ਼ਾਸਤਰ/ਇਤਿਹਾਸ/ਪੰਜਾਬੀ ਸਾਹਿਤ ਵਿਸ਼ਾ ਜੁੱਟ ਦੀ ਚੋਣ ਕਰਦਾ ਹੈ, ਤਾਂ ਉਹ ਇਹਨਾਂ ਵਿਸ਼ਿਆਂ ਵਿੱਚੋਂ ਮਾਈਨਰ ਵਿਸ਼ਾ ਨਹੀਂ ਚੁਣ ਸਕਦਾ। ਮਾਈਨਰ ਵਿਸ਼ਾ ਉਸ ਨੂੰ ਇਹਨਾਂ ਤੋਂ ਇਲਾਵਾ ਦੂਜੇ ਵਿਸ਼ਿਆਂ ਵਿਚੋਂ ਚੁਣਨਾ ਪਵੇਗਾ।
4. ਵਿਦਿਆਰਥੀ ਵਿੱਦਿਅਕ ਸ਼ੈਸ਼ਨ ਦੌਰਾਨ ਵਿਸ਼ਿਆਂ ਦੀ ਕ੍ਰੈਡਿਟ ਪੂਰਤੀ ਵੱਲ ਖ਼ਾਸ ਧਿਆਨ ਰੱਖਣ।

### ਹੁਨਰ ਵਿਕਾਸ ਕੋਰਸ (SEC)

| **ਵਿਸ਼ਾ** | **ਬੀ.ਏ. ਸਮੈਸਟਰ-ਪਹਿਲਾ** | **ਬੀ.ਏ. ਸਮੈਸਟਰ-ਦੂਜਾ** | **ਬੀ.ਏ. ਸਮੈਸਟਰ-ਤੀਜਾ** | **ਬੀ.ਏ. ਸਮੈ: ਚੌਥਾ** |
|---|---|---|---|---|
| ਪੰਜਾਬੀ | | | ਪੰਜਾਬੀ ਸਾਹਿਤ ਮਸਨੂਈ ਬੁੱਧੀ: ਅੰਤਰ ਸਬੰਧ | |
| ਅੰਗਰੇਜ਼ੀ | Translation | Text Editing: Rewriting and Proof Reading | Professional Communication | |
| ਹਿੰਦੀ | रचनात्मक लेखन | प्रयोजनमूलक हिंदी | | |
| ਇਤਿਹਾਸ | Introduction to History | Oral History: Importance and Relevance | Study of Historical Sites of India from Indus Valley to 1530 AD. | |
| ਭੂਗੋਲ | Atlas and Map Reading | Topographic Sheet Reading | Introduction to Fieldwork in Geography | |
| ਕੰਪਿਊਟਰ ਸਾਇੰਸ | Desktop Publishing using Word | Presentations using PowerPoint | Data handling using Spreadsheets | |
| ਸੰਗੀਤ ਆਵਾਜ਼ | ਵੋਇਸ ਕਲਟੀਵੇਸ਼ਨ | | ਸਕਿੱਲ ਡਿਵੈਲਪਮੈਂਟ ਇਨ ਮਿਊਜ਼ਿਕ | |
| ਸੰਗੀਤ ਸਾਜ਼ | | ਇੰਟਰੋਡਕਸ਼ਨ ਟੂ ਐਨੀ ਇੰਸਟੂਮੈਂਟ | | |

**ਅੰਤਰ ਅਨੁਸ਼ਾਸਨੀ ਕੋਰਸ (IDC)**

| ਵਿਸ਼ਾ | ਬੀ.ਏ. ਸਮੈਸਟਰ-ਪਹਿਲਾ | ਬੀ.ਏ. ਸਮੈਸਟਰ ਦੂਜਾ | ਬੀ.ਏ. ਸਮੈ: ਤੀਜਾ | ਬੀ.ਏ। ਸਮੈਸਟਰ ਚੌਥਾ |
|---|---|---|---|---|
| ਅੰਗਰੇਜ਼ੀ | Non-Fiction and the Art of Writing | Reading Poetry | | Six One-Act Plays |
| ਪੰਜਾਬੀ | ਪੰਜਾਬੀ ਵਿਰਸਾਤ: ਮੁੱਢਲੀ ਜਾਣ-ਪਛਾਣ | ਪੰਜਾਬ ਦੇ ਲੋਕ ਨਾਚ: ਮੁੱਢਲੀ ਜਾਣ-ਪਛਾਣ | | ਪੰਜਾਬੀ ਪੱਤਰਕਾਰੀ ਲੇਖਣ |
| ਹਿੰਦੀ | हिंदी काव्य | हिंदी कथा साहित्य | | हिंदी की गद नव्यतर विधाएं |
| ਇਤਿਹਾਸ | History and Culture of Punjab (From Indus Valley to 1000 A. D.) | The Punjab: State, Society and Culture (1708 to 1947) | | History and Culture of the Punjab from 1469-1849. |
| ਭੂਗੋਲ | Physical Geography of India | Resource Geography of India | | Climate Change |
| ਕੰਪਿਊਟਰ ਸਾਇੰਸ | Computer Fundamentals | Internet and Web Technologies | | Cyber Security |
| ਹੋਮ ਸਾਇੰਸ | Basics of Nutrition and Food Science-I | Basics of Nutrition and Food Science-II | | Basics of Fashion Designing |
| ਅਰਥਸ਼ਾਸਤਰ | ਬੇਸਿਕ ਇਕਨੋਮਿਕਸ 1 | ਬੇਸਿਕ ਇਕਨੋਮਿਕਸ 2 | | ਬੇਸਿਕ ਇਕਨੋਮਿਕਸ 3 |
| VAC | ਇਨਵਾਇਰਮੈਂਟ ਐਂਡ ਰੋਡ ਸੇਫਟੀ | ਡਰੱਗ ਅਬਿਯੂਜ਼ ਪ੍ਰੋਬਲਰਮ ਮੈਨੇਜਮੈਂਟ ਐਂਡ ਪ੍ਰੀਵੈਂਸ਼ਨ | 1. ਯੋਗਾ ਐਂਡ ਮੇਡਿਟੇਸ਼ਨ<br>2. ਨਿਊਟ੍ਰੀਸ਼ਨ ਐਂਡ ਡਾਇਟੈਟਿਕਸ<br>3. ਡਿਜ਼ਾਸਟਰ ਮੈਨੇਜਮੈਂਟ ਐਂਡ ਪ੍ਰੀਪੇਅਰਡਨੈੱਸ | ਇੰਡੀਅਨ ਨੋਲੇਜ ਸਿਸਟਮ |

## ਹੁਨਰ ਵਿਕਾਸ ਕੋਰਸ ਅਤੇ ਅੰਤਰ-ਅਨੁਸ਼ਾਸਨੀ ਕੋਰਸ ਦੀ ਚੋਣ ਦੇ ਨਿਯਮ

1. SEC ਦਾ ਵਿਸ਼ਾ ਮੇਜਰ (Major) ਜਾਂ ਮਾਈਨਰ (Minor) ਵਜੋਂ ਚੁਣੇ ਗਏ ਵਿਸ਼ਿਆਂ ਦੇ ਨਾਲ ਹੀ ਸੰਬੰਧਿਤ ਹੋਣਾ ਚਾਹੀਦਾ ਹੈ।
2. IDC/MDC ਦਾ ਵਿਸ਼ਾ, ਮੇਜਰ (Major) ਅਤੇ ਮਾਈਨਰ (Minor) ਵਜੋਂ ਚੁਣੇ ਗਏ ਵਿਸ਼ਿਆਂ ਤੋਂ ਵੱਖਰਾ ਹੋਣਾ ਚਾਹੀਦਾ ਹੈ।
3. ਵਿਦਿਆਰਥੀ ਹਰ ਸਮੈਸਟਰ ਵਿੱਚ SEC ਅਤੇ IDC/MDC ਦਾ ਵਿਸ਼ਾ ਬਦਲ ਸਕਦੇ ਹਨ। ਪਰੰਤੂ ਜੇਕਰ ਕਿਸੇ SEC ਜਾਂ IDC/MDC ਵਿਸ਼ੇ ਲਈ ਕੋਈ ਪੂਰਵ-ਸ਼ਰਤ (PREREQUISITE) ਕੋਰਸ ਨਿਰਧਾਰਤ ਕੀਤਾ ਗਿਆ ਹੈ ਅਤੇ ਵਿਦਿਆਰਥੀ ਨੇ ਪਿਛਲੇ ਸਮੈਸਟਰ/ਸਮੈਸਟਰਾਂ ਵਿੱਚ ਉਹ ਕੋਰਸ ਪਾਸ ਨਹੀਂ ਕੀਤਾ, ਤਾਂ ਉਹ ਉਸ ਸਮੈਸਟਰ ਵਿੱਚ ਸੰਬੰਧਿਤ SEC ਜਾਂ IDC/MDC ਵਿਸ਼ਾ ਨਹੀਂ ਚੁਣ ਸਕਦੇ।
4. SEC, IDC/MDC, VAC ਆਦਿ ਦੇ ਵਿਸ਼ੇ ਯੂਨੀਵਰਸਟੀ ਵਿਭਾਗਾਂ/ਕਾਲਜਾਂ ਵਿੱਚ ਵਿਸ਼ਿਆਂ ਦੀ ਉਪਲੱਬਧਤਾ ਦੇ ਅਧਾਰ 'ਤੇ ਹੀ ਚੋਣ ਕਰਵਾਏ ਜਾਣ, ਭਾਵ ਜੇਕਰ ਕਿਸੇ ਯੂਨੀਵਰਸਿਟੀ ਵਿਭਾਗ ਜਾਂ ਕਾਲਜ ਵਿਖੇ ਕੋਈ ਵਿਸ਼ਾ ਨਹੀਂ ਚਲਾਇਆ ਜਾ ਰਿਹਾ ਤਾਂ ਉਸ ਵਿਸ਼ੇ ਦੀ ਚੋਣ ਨਾ ਕਾਰਵਾਈ ਜਾਵੇ।
5. IDC ਅਤੇ SEC ਵਿਸ਼ੇ ਕੇਵਲ ਪਹਿਲੇ ਦੋ ਸਾਲ ਹਨ. ਤੀਜੇ ਅਤੇ ਚੌਥੇ ਸਾਲ ਵਿੱਚ ਇਹ ਵਿਸ਼ੇ ਮੌਜੂਦ ਨਹੀਂ ਹਨ।
6. ਕੋਈ ਵੀ IDC ਅਤੇ SEC ਵਿਸ਼ਾ ਕਾਲਜ ਦੇ ਅਧਿਆਪਨ ਅਮਲੇ ਦੀ ਉਪਲਬਧਤਾ ਅਤੇ ਅਕਾਦਮਿਕ ਜ਼ਰੂਰਤਾਂ ਅਧੀਨ ਕਾਲਜ ਪ੍ਰਿੰਸੀਪਲ ਵੱਲੋਂqw ਸ਼ੁਰੂ ਜਾਂ ਬੰਦ ਕੀਤਾ ਜਾ ਸਕਦਾ ਹੈ।

ਵਿਦਿਆਰਥੀ ਕੋਰਸ ਨਾਲ ਸਬੰਧਿਤ ਜਾਣਕਾਰੀ ਲਈ ਆਪਣੇ ਟਿਊਟਰ ਨਾਲ ਸੰਪਰਕ ਕਰ ਸਕਦਾ ਹੈ. ਪਾਠ-ਕ੍ਰਮ ਅਤੇ ਹੋਰ ਕਿਸੇ ਵੀ ਪ੍ਰਕਾਰ ਦੀ ਸੂਚਨਾ ਲਈ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵੈੱਬ ਸਾਈਟ ਚੈੱਕ ਕਰ ਸਕਦੇ ਹਨ: https://punjabiuniversity.ac.in/indexSyllabi.aspx

## ਐਚ.ਈ.ਆਈ.ਐਸ.ਅਧੀਨ ਬੀ.ਸੀ.ਏ.ਅਤੇ ਪੀ.ਜੀ.ਡੀ.ਸੀ.ਏ, M.Sc.(IT) ਦੇ ਕੋਰਸਾਂ ਸਬੰਧੀ ਵੇਰਵਾ

| Semester | CORE | DSE | MDE | AEC | SEC | VAC | Pbi. Comp** | Total |
|---|---|---|---|---|---|---|---|---|
| Credits | 4 | 4 | 3 | 2 | (4), (5) or (8) | 2 | 4 | |
| I | Core-1, Core-2 | - | MDE-1 | Eng-1 | SEC-1(5) | VAC-1 | PBI-1 | 24 |
| II | Core-3, Core-4, Core-5 | - | - | Eng-2 | SEC-2(5) | VAC-2 | PBI-2 | 25 |
| III | Core-6, Core-7, Core-8 | DSE-1 | | | SEC-3(5) | | PBI-3 | 25 |
| IV | Core-9, Core-10, Core-11 | DSE-2 | | | SEC-4(5) | | PBI-4 | 25 |
| V | Core-12 | DSE-3, DSE-4, DSE-5 | | | SEC-5(5), Intrn/CP* | | PBI-5 | 25+4* |
| VI | Core-13 | DSE-6, DSE-7, DSE-8 | | | SEC-6(4) | | PBI-6 | 24 |
| Award | ***Bachelor in Computer Applications (3 Years)*** | | | | | | | |
| VII (Hons) | Core(H)-14 | DSE-9, DSE-10 | MDE-2 | | SEC-7(5) | | | 20 |
| VIII (Hons) | | DSE-11, DSE-12, DSE-13 | | | SEC-8(8) | | | 20 |
| Award | ***Bachelor in Computer Applications (Honours) (4 Years)*** | | | | | | | |
| VII (Res) | Core(RH)-14, 15, 16 | DSE-9, DSE-10 | | | | | | 20 |
| VIII (Res) | Research/ Dissertation Work | | | | | | | 20 |
| Award | ***Bachelor in Computer Applications (Honours with Research) (4 Years)*** | | | | | | | |

- For each 5 credit SEC the division of credits for Theory and Practical shall be 3 credits of 100 marks for Theory and 2 credits of 100 marks for Practical. For a 4-credit course requiring practical component, the same shall be 3 credits of 100 marks for Theory and 1 credit of 50 marks for Practical. For a 3-credit course requiring practical component, the same shall be 2 credits o f 50 marks for Theory and 1 credit of 50 marks for Practical.
- In order to be eligible for the award of the degree of B.C.A./B.C.A.(Honours)/B.C.A. (Honours with Research), the students will be required to fulfill minimum credit requirements a s stipulated in the Ordinances.
- All the BCA students will be allowed to opt courses pertaining to VAC from a pool of papers under each category as notified. However, DSE/MDE/AEC/SEC will be offered as per the model Curriculum of AICTE.
- *Intrn/CP-COMPULSORY Summer Internship or Capstone Project or any form of apprenticeship with opportunity for internship with various organizations and industry as approved by the college/ university

as per the availability of their resources to be undertaken for minimum 08 weeks' duration during the summer vacations.

• **All the students enrolled for UG Programme at Colleges affiliated to Punjabi University will be required t o complete one compulsory course (4 credits) of "Punjabi Language" per Semester as indicated in the template. Punjabi Language Courses (Option I and II: Courses under Option-I will be given to students who have already qualified Punjabi in 10"/)12'" Class; Courses under Option-II will be given to students who are from other states & did not study Punjabi a t any level.

**a. Weightage for University Examination and Internal Assessment**

| Course Credit | Total Marks | External Marks | Internal Marks |
|---|---|---|---|
| 4 or 3 | 100 | 70 | 30 |
| 2 or 1 | 50 | 35 | 15 |

**b. Division of marks for Continuous Assessment is as follows:**

| INTERNAL ASSESSMENT | MARKS (30) | MARKS (15) | |
|---|---|---|---|
| Performance in Mid-Semester Test* | 12 | 6 | |
| Assignment/Project/Seminar/Lab work | 12 | 6 | |
| Attendance | 6 | 3 | |

## B.C.A (NEP-2020) ਦੇ ਵਿਸ਼ੇ

| Semester 1st | | Semester 2nd | | Semester 3rd | | Semester 4th | |
|---|---|---|---|---|---|---|---|
| **Course Title** | **C** | **Course Title** | **C** | **Course Title** | **C** | **Course Title** | **C** |
| Mathematical Foundation to Computer Science - I | 4 | Mathematical Foundation to Computer Science - II | 4 | Probability and Statistics | 4 | Software Engineering | 4 |
| Digital Electronics | 4 | Computer Architecture | 4 | Relational Database Management System | 4 | Artificial Intelligence | 4 |
| Programming with C | 3 | Data Structures | 4 | Operating System | 4 | Computer Networks | 4 |
| Programming with C | 2 | Object Oriented Programming with C++ | 3 | Basic Data Analytics | 4 | NoSQL Databases | 4 |
| Indian Knowledge System | 3 | Object Oriented Programming with C++ | 2 | Programming with Java | 3 | Programming with Python | 3 |
| General English - I | 2 | General English - 2 | 2 | Programming with Java | 2 | Programming with Python | 2 |
| Environment and Road Safety | 2 | Drug Abuse | 2 | Punjabi Compulsory – III / Mudla Gyan-III | 4 | Punjabi Compulsory – IV / Mudla Gyan-IV | 4 |
| Punjabi Compulsory - I / Mudla Gyan - I | 4 | Punjabi Compulsory - II / Mudla Gyan - II | 4 | TOTAL | 25 | Summer Internship/ Capstone Project* | - |
| TOTAL | 24 | TOTAL | 25 | | | TOTAL | 25 |

## ਰਾਖਵੀਆਂ ਸੀਟਾਂ, ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਮੁੱਢਲਾ ਗਿਆਨ

**ਪੰਜਾਬ ਸਰਕਾਰ ਦੇ ਨਿਰਦੇਸ਼ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:**

| **ਸ਼੍ਰੇਣੀ (Category)** | **ਫ਼ੀਸਦੀ (%)** | **ਉਪ-ਸ਼੍ਰੇਣੀ (Sub-Category)** | **ਉਪ-ਸ਼੍ਰੇਣੀ ਫ਼ੀਸਦੀ (%)** |
|---|---|---|---|
| ਜਨਰਲ (General) | 52 | ਜਨਰਲ (General) | 52 |
| ਐਸ.ਸੀ. (SC) | 20 | ਐਸ.ਸੀ. (SC) | 20 |
| ਬੀ.ਸੀ. (BC) | 08 | ਬੀ.ਸੀ. (BC) | 08 |
| ਸਾਬਕਾ ਫੌਜੀ / ਸਾਬਕਾ ਫੌਜੀ (ਆਸ਼ਰਿਤ) | 13 | ਸਾਬਕਾ ਫੌਜੀ / ਸਾਬਕਾ ਫੌਜੀ (ਆਸ਼ਰਿਤ) ਜਨਰਲ | 07 |
| | | ਸਾਬਕਾ ਫੌਜੀ / ਸਾਬਕਾ ਫੌਜੀ (ਆਸ਼ਰਿਤ) ਐਸ.ਸੀ. | 04 |
| | | ਸਾਬਕਾ ਫੌਜੀ / ਸਾਬਕਾ ਫੌਜੀ (ਆਸ਼ਰਿਤ) ਬੀ.ਸੀ. | 02 |
| ਆਜ਼ਾਦੀ ਘੁਲਾਟੀਏ (Freedom Fighters) | 01 | ਆਜ਼ਾਦੀ ਘੁਲਾਟੀਏ ਜਨਰਲ | 01 |
| ਦਿਵਿਆਂਗ (PWD) | 03 | ਦਿਵਿਆਂਗ (PWD) | 03 |
| ਖਿਡਾਰੀ (Sports) | 03 | ਖਿਡਾਰੀ ਜਨਰਲ | 02 |
| | | ਖਿਡਾਰੀ ਐਸ.ਸੀ. | 01 |
| ਕੁੱਲ (Total) | 100 | ਕੁੱਲ (Total) | 100 |

*(ਹਵਾਲਾ ਪੱਤਰ ਨੰਬਰ HED-EDU10M.L/16/2021-3edu-Part(1)/1824 dated 17.08.21)*

### ਰਾਖਵੀਆਂ ਸੀਟਾਂ ਦਾ ਕਲੇਮ ਲੈਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼

1. ਕਿਸੇ ਵੀ ਤਰ੍ਹਾਂ ਦੇ ਰਾਖਵੇਂਕਰਨ ਵਾਲੀ ਸੀਟ ਦਾ ਲਾਭ ਲੈਣ ਲਈ ਸੰਬੰਧਿਤ ਦਸਤਾਵੇਜ਼/ਸਬੂਤ ਦਾਖ਼ਲਾ ਫ਼ਾਰਮ ਨਾਲ ਨੱਥੀ ਕਰਨਾ/ਅਪਲੋਡ ਕਰਨਾ ਲਾਜ਼ਮੀ ਹੋਵੇਗਾ।
2. ਪੱਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ ਸਾਰੇ ਵਸੀਲਿਆਂ ਤੋਂ 4,50,000 ਰੁਪਏ ਤੋਂ ਘੱਟ ਹੈ, ਕੇਵਲ ਉਨ੍ਹਾਂ ਨੂੰ ਹੀ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ । ਇਸ ਲਈ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਦਾਖ਼ਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਤੋਂ ਇਲਾਵਾ ਪਰਿਵਾਰ ਦੀ ਮੌਜੂਦਾ ਕੁੱਲ ਸਾਲਾਸ ਆਮਦਨ ਦੇ ਸੰਬੰਧ ਵਿੱਚ ਪਿਤਾ/ਸਰਪ੍ਰਸਤ ਵਲੋਂ ਤਸਦੀਕ ਕੀਤਾ ਫ਼ਾਰਮ/ ਸਰਟੀਫਿਕੇਟ ਲਗਾਉਣਾ ਅਤਿ ਜਰੂਰੀ ਹੈ।
3. ਡਿਫੈਂਸ ਫੋਰਸਜ਼, ਬੀ.ਐਸ.ਐਫ/ਪੁਲਿਸ ਵਿੱਚ ਕੰਮ ਕਰ ਰਹੇ ਜਾਂ ਸਾਬਕਾ ਅਧਿਕਾਰੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਕਮਾਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ ਜਿਸ ਵਿੱਚ ਪਰਿਵਾਰਕ ਮੈਂਬਰ ਹੋਣ ਦਾ ਸਬੂਤ ਦੇਣਾ ਹੋਵੇਗਾ।

4. ਖਿਡਾਰੀਆਂ ਦਾ ਦਾਖਲਾ ਮੌਕੇ ਉਤੇ ਟ੍ਰਾਇਲ ਅਤੇ ਉਨ੍ਹਾਂ ਦੀਆਂ ਪਿਛਲੀਆਂ ਖੇਡ ਪ੍ਰਾਪਤੀਆਂ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਸ਼੍ਰੇਣੀ ਵਿੱਚ ਉਹ ਖਿਡਾਰੀ ਸ਼ਾਮਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿੱਚ ਕਾਲਜ ਵੱਲੋਂ ਹਿੱਸਾ ਲੈ ਸਕਣ । ਇਨ੍ਹਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਖੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।
5. ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਸੰਸਥਾ ਦੇ ਮੁਖੀ ਵੱਲੋਂ ਜਾਰੀ ਸਰਟੀਫਿਕੇਟ ਲਗਾਉਣਾ ਪਵੇਗਾ। ਸਕੂਲ ਮੁਖੀ ਵੱਲੋਂ ਜਾਰੀ ਸਰਟੀਫਿਕੇਟ ਜ਼ਿਲ੍ਹਾ ਸਿੱਖਿਆ ਅਫਸਰ/ਪੀ.ਐਸ.ਈ.ਬੀ./ਸੀ.ਬੀ.ਐਸ.ਈ. ਦੇ ਅਧਿਕਾਰੀਆਂ ਦੁਆਰਾ ਪ੍ਰਤਿ ਹਸਤਾਖਰ ਹੋਣਾ ਜਰੂਰੀ ਹੈ। ਅਜਿਹੇ ਸਰਟੀਫਿਕੇਟ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਦਾ ਨਾਮ ਵੀ ਲਿਖਿਆ ਹੋਣਾ ਚਾਹੀਦਾ ਹੈ। ਜੇਕਰ ਬੱਚੇ ਦੇ ਮਾਤਾ ਜੀ ਅਧਿਆਪਕ ਹਨ ਤਾਂ ਸਰਟੀਫਿਕੇਟ ਵਿੱਚ ਬੱਚੇ ਦੇ ਪਿਤਾ ਦਾ ਨਾਮ ਵੀ ਲਿਖਿਆ ਹੋਣਾ ਲਾਜ਼ਮੀ ਹੈ।
6. ਸਰੀਰਕ ਤੌਰ ਤੇ ਅੰਗਹੀਣ ਵਿਦਿਆਰਥੀਆਂ ਲਈ ਸਿਵਲ ਸਰਜਨ ਦਾ ਤਸਦੀਕ ਕੀਤਾ ਡਿਸਏਬਿਲਟੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋ ਕਾਪੀ ਲਗਾਉਣਾ ਜ਼ਰੂਰੀ ਹੈ।
7. ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਨਾਲ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸ਼ਨਾਖਤੀ ਕਾਰਡ ਦੀ ਤਸਦੀਕ ਸ਼ੁਦਾ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ।
8. ਸੁਤੰਤਰਤਾ ਸੰਗਰਾਮੀ ਜੋ ਪੈਨਸ਼ਨ ਜਾਂ ਤਾਮਰ ਪੱਤਰ ਪ੍ਰਾਪਤ ਹੋਣ, ਦੇ ਬੱਚਿਆਂ, ਪੋਤੇ-ਪੋਤਰੀਆਂ ਅਤੇ ਦੋਹਤੇ-ਦੋਹਤੀਆਂ ਨੂੰ ਰਿਜ਼ਰਵ ਸੀਟ ਦਾ ਕਲੇਮ ਕਰਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋ ਕਾਪੀ ਦਾਖਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ। ਸੰਬੰਧਿਤ ਰਿਸ਼ਤੇ ਦਾ ਸਬੂਤ ਦੇਣਾ ਲਾਜ਼ਮੀ ਹੋਵੇਗਾ।
9. ਸੱਭਿਆਚਾਰਕ ਗਤੀਵਿਧੀਆਂ ਦੇ ਆਧਾਰ 'ਤੇ ਰਿਜ਼ਰਵ ਸੀਟਾਂ ਦੇ ਦਾਖ਼ਲੇ ਲਈ ਪ੍ਰਿੰਸੀਪਲ ਸਾਹਿਬ ਵੱਲੋਂ ਗਠਿਤ ਕਮੇਟੀ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਸਿਫਾਰਸ਼ ਕਰੇਗੀ ।
10. ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਸੰਬੰਧ ਵਿੱਚ ਪੰਜਾਬ ਸਰਕਾਰ, ਪੰਜਾਬ ਸਕੂਲ ਸਿੱਖਿਆ ਬੋਰਡ/ਯੂਨੀਵਰਸਿਟੀ ਮੁਕਾਬਲੇ ਹੀ ਵਿਚਾਰੇ ਜਾਣਗੇ। ਖੇਡਾਂ ਦੇ ਖੇਤਰ ਵਿੱਚ ਪੰਜਾਬ ਸਪੋਰਟਸ ਵਿਭਾਗ ਪਾਸੋਂ ਗਰੇਡੇਸ਼ਨ ਸਰਟੀਫਿਕੇਟ ਪ੍ਰਾਪਤ ਕਰਨਾ ਜਰੂਰੀ ਹੋਵੇਗਾ । ਬਚਦੀਆਂ ਸੀਟਾਂ ਲਈ ਇਸ ਕੈਟਾਗਰੀ ਵਿੱਚ ਗਰੇਡੇਸ਼ਨ ਤੋਂ ਬਿਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਪ੍ਰਿੰਸੀਪਲ ਸਾਹਿਬ ਦੁਆਰਾ ਗਠਿਤ ਕਮੇਟੀ ਫੈਸਲਾ ਕਰੇਗੀ।
11. ਪੇਂਡੂ ਖੇਤਰ ਦੇ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਵਾਧੂ ਸੀਟਾਂ ਲਈ ਵਿਚਾਰਿਆ ਜਾਵੇਗਾ ਜਿਨ੍ਹਾਂ ਨੇ ਮੈਟ੍ਰਿਕ ਅਤੇ ਬਾਰਵੀਂ ਕਲਾਸ ਉਨ੍ਹਾਂ ਪੇਂਡੂ ਸਕੂਲਾਂ ਤੋਂ ਪਾਸ ਕੀਤੀ ਹੋਵੇ ਜਿਹੜੇ ਕਿ ਕਿਸੇ ਵੀ ਮਿਊਂਸਪਲ ਕਾਰਪੋਰੇਸਨ/ਮਿਊਂਸਪਲ ਕਮੇਟੀ/ਛੋਟਾ ਸ਼ਹਿਰ/ਨੋਟੀਫਾਈਡ ਏਰੀਆ ਦੇ ਤਹਿਤ ਨਹੀਂ ਆਉਂਦੇ ਅਤੇ ਅਜਿਹੇ ਵਿਦਿਆਰਥੀਆਂ ਨੇ ਆਪਣਾ ਅਖੀਰਲਾ ਇਮਿਤਿਹਾਨ ਪੇਂਡੂ ਸਕੂਲ ਤੋਂ ਪਾਸ ਕਰਨ ਤੋਂ ਪਹਿਲਾਂ ਘੱਟੋ-ਘੱਟ ਪੰਜ ਸਾਲ ਪੇਂਡੂ ਸਕੂਲ ਵਿੱਚ ਪੜ੍ਹਾਈ ਜਰੂਰ ਕੀਤੀ ਹੋਵੇ। ਅਜਿਹੇ ਵਿਦਿਆਰਥੀ ਨੂੰ ਡੀ.ਈ.ਓ. ਵੱਲੋਂ ਜਾਰੀ ਸਰਟੀਫਿਕੇਟ ਲਗਾਉਣਾ ਪਵੇਗਾ ਜਿਸ ਵਿਚ ਇਸ ਤੱਥ ਦਾ ਇੰਦਰਾਜ ਹੋਵੇਗਾ ਕਿ ਸਬੰਧਤ ਸਕੂਲ ਪੇਂਡੂ ਖੇਤਰ ਦੇ ਅੰਤਰਗਤ ਆਉਂਦਾ ਹੈ।

12. ਵਿਦਿਆਰਥੀ ਜਿਹਨਾਂ ਵਰਗਾਂ ਲਈ ਰਾਖਵੀਂ ਸੀਟ ਦਾ ਦਾਅਵਾ ਪੇਸ਼/ਪ੍ਰਗਟ ਕਰਨਗੇ, ਉਹਨਾਂ ਸੰਬੰਧੀ ਜਰੂਰੀ ਦਸਤਾਵੇਜ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ। ਭਿੰਨ-ਭਿੰਨ ਵਰਗਾਂ ਦਾ ਦਾਅਵਾ ਕਰਨ ਲਈ ਵੱਖ-ਵੱਖ ਦਾਖਲਾ ਫਾਰਮ ਭਰੇ ਜਾਣ।

## ਦਾਖਲਿਆਂ ਸੰਬੰਧੀ ਜ਼ਰੂਰੀ ਨਿਯਮ

1. ਦਾਖਲੇ ਲਈ ਆਨਲਾਈਨ ਫਾਰਮ ਦੇ ਨਾਲ-ਨਾਲ ਪ੍ਰਾਸਪੈਕਟ ਦੇ ਨਾਲ ਨੱਥੀ ਫਾਰਮ ਜ਼ਰੂਰ ਭਰਨਾ ਪਵੇਗਾ।
2. ਉਮੀਦਵਾਰ ਆਫਲਾਈਨ ਦਾਖ਼ਲਾ ਫਾਰਮ ਸੁੰਦਰ ਅਤੇ ਸਾਫ ਲਿਖਾਈ ਵਿੱਚ ਖੁਦ ਭਰੇਗਾ ।
3. ਫਾਰਮ ਦੇ ਸਾਰੇ ਕਾਲਮ ਭਰਨੇ ਜਰੂਰੀ ਹਨ।
4. ਵਿਦਿਆਰਥੀ ਆਪਣਾ ਪਤਾ ਭਰਦੇ ਸਮੇਂ ਮੋਬਾਇਲ ਨੰਬਰ ਜਰੂਰ ਲਿਖਣ।
5. ਵਿਦਿਆਰਥੀ ਆਪਣੀ ਕੈਟਾਗਰੀ ਜ਼ਰੂਰ ਭਰੇ ਤਾਂ ਜੋ ਇਹ ਸੱਪਸ਼ਟ ਹੋ ਸਕੇ ਕਿ ਉਹ ਕਿਸ ਜਾਤੀ ਜਾਂ ਰਿਜ਼ਰਵ ਕੈਟੇਗਰੀ ਨਾਲ ਸੰਬੰਧ ਰੱਖਦਾ ਹੈ।
6. ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੱਖ-ਵੱਖ ਦਾਖ਼ਲਾ ਫਾਰਮ ਭਰਨੇ ਜਰੂਰੀ ਹਨ ।
7. ਵਿਦਿਆਰਥੀ ਅਤੇ ਮਾਪਿਆਂ ਦੇ ਨਾਂ ਦੇ ਸਪੈਲਿੰਗ ਉਹੀ ਹੋਣੇ ਚਾਹੀਦੇ ਹਨ ਜੋ ਉਨ੍ਹਾਂ ਦੇ ਆਖਰੀ ਪਾਸ ਕੀਤੀ ਪ੍ਰੀਖਿਆ ਦੇ ਨਤੀਜਾ ਕਾਰਡ ਵਿੱਚ ਦਰਜ਼ ਹੋਣ। ਦਾਖਲਾ ਫਾਰਮ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਮ ਭਰਿਆ ਜਾਵੇ।
8. ਦਾਖ਼ਲਾ ਫ਼ਾਰਮ (ਕੇਵਲ ਪੱਛੜੀਆਂ ਸ਼੍ਰੇਣੀਆਂ ਜਾਂ ਕਿਸੇ ਵਜ਼ੀਫ਼ੇ ਦੇ ਲਾਭਪਾਤਰੀ ਵਿਦਿਆਰਥੀਆਂ ਲਈ) ਨਾਲ ਜਾਤੀ ਸਰਟੀਫਿਕੇਟ ਤੋਂ ਇਲਾਵਾ ਪਰਿਵਾਰ ਦੀ ਮੌਜੂਦਾ ਕੁੱਲ ਆਮਦਨ ਦੇ ਸਬੰਧ 'ਚ ਪਿਤਾ/ਸਰਪ੍ਰਸਤ ਵੱਲੋਂ ਹਲਫੀਆਂ ਬਿਆਨ ਜੋ ਕਿ ਮੈਜਿਸਟ੍ਰੇਟ ਫਸਟ ਕਲਾਸ ਦੁਆਰਾ ਤਸਦੀਕ ਕੀਤਾ ਹੋਵੇ, ਲਗਾਉਣਾ ਜਰੂਰੀ ਹੈ, ਨਹੀਂ ਤਾਂ ਪੱਛੜੀ ਸ਼੍ਰੇਣੀ ਦੇ ਉਮੀਦਵਰ ਨੂੰ ਰਿਜ਼ਰਵ ਸੀਟ ਦਾ ਕਲੇਮ ਨਹੀਂ ਮਿਲੇਗਾ ।
9. ਬਲੱਡ ਗਰੁੱਪ ਸਰਟੀਫਿਕੇਟ (ਮਾਨਤਾ ਪ੍ਰਾਪਤ ਡਾਕਟਰ/ਲੈਬੋਰਟਰੀ ਵੱਲੋਂ ਜਾਰੀ) ਲਗਾਉਣਾ ਲਾਜ਼ਮੀ ਹੈ।
10. ਵਿਦਿਆਰਥੀ ਅਤੇ ਉਸ ਦੇ ਮਾਪਿਆਂ/ਸਰਪ੍ਰਸਤ ਵੱਲੋਂ ਨਿਸ਼ਚਿਤ ਥਾਵਾਂ ’ਤੇ ਪੂਰੇ ਹਸਤਾਖਰ ਕਰਨੇ ਜ਼ਰੂਰੀ ਹਨ ।
11. ਫਾਰਮ ਵਿੱਚ ਨਿਸ਼ਚਿਤ ਥਾਵਾਂ 'ਤੇ ਇੱਕੋ ਜਿਹੀਆਂ ਨਵੀਆਂ ਪਾਸਪੋਰਟ ਸਾਈਜ਼ ਫੋਟੋਆਂ ਚਿਪਕਾਈਆਂ ਜਾਣ। ਇਨ੍ਹਾਂ ਤੋਂ ਇਲਾਵਾ ਵਾਧੂ ਇੱਕ ਫੋਟੋ ਨਾਲ ਨੱਥੀ ਕੀਤੀ ਜਾਵੇ ।
12. ਵਿਦਿਆਰਥੀ ਆਪਣੇ ਬਿਨੈ-ਪੱਤਰ ਨਾਲ ਹੇਠ ਲਿਖੇ ਸਰਟੀਫਿਕੇਟ ਦੀਆਂ ਸਵੈ-ਤਸਦੀਕਸ਼ੁਦਾ ਕਾਪੀਆਂ ਜ਼ਰੂਰੀ ਲਗਾਉਣਗੇ:
    - ਜਨਮ ਮਿਤੀ ਦਰਸਾਉਣ ਲਈ ਦਸਵੀਂ ਦੇ ਸਰਟੀਫਿਕੇਟ ਦੀ ਕਾਪੀ ।
    - ਅਖੀਰਲੀ ਪਾਸ ਕੀਤੀ ਕਲਾਸ ਦੇ ਨਤੀਜਾ ਕਾਰਡ ਦੀ ਕਾਪੀ ।
    - ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਰਿਜ਼ਰਵ ਕੈਟਾਗਿਰੀ ਸਰਟੀਫਿਕੇਟ ਦੀ ਕਾਪੀ ।
    - ਆਖਰੀ ਪਾਸ ਕੀਤੀ ਪ੍ਰੀਖਿਆ ਦੇ ਸੰਸਥਾ ਦੇ ਮੁਖੀ ਤੋਂ ਪ੍ਰਾਪਤ ਕੀਤਾ ਆਚਰਣ ਸਰਟੀਫਿਕੇਟ/ ਪ੍ਰਾਈਵੇਟ ਵਿਦਿਆਰਥੀ ਪਿੰਡ ਦੇ ਸਰਪੰਚ ਤੋਂ ਜਾਰੀ ਕੀਤਾ ਸਰਟੀਫਿਕੇਟ ਦੇਣਗੇ ।
    - ਪਾਤਰਤਾ ਸਰਟੀਫਿਕੇਟ (ਜਿੰਨਾਂ ਉਪਰ ਲਾਗੂ ਹੁੰਦਾ ਹੋਵੇ )

- ਆਧਾਰ ਕਾਰਡ ਦੀ ਫੋਟੋ ਕਾਪੀ ।

13. ਹਰ ਪੱਖੋਂ ਮੁਕੰਮਲ ਫਾਰਮ ਨਿਰਧਾਰਤ ਮਿਤੀ ਤੱਕ ਕਾਲਜ ਦਫਤਰ ਵਿੱਚ ਜਮ੍ਹਾ ਕਰਵਾਉਣਾ ਜਰੂਰੀ ਹੈ । ਆਖ਼ਰੀ ਮਿਤੀ ਤੋਂ ਬਾਅਦ ਕੋਈ ਵੀ ਸਪੈਸ਼ਲ ਕੇਸ ਵਾਲਾ ਫਾਰਮ ਕੇਵਲ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਨਾਲ ਹੀ ਵਿਚਾਰਿਆ ਜਾਵੇਗਾ।
14. ਦਾਖਲੇ ਉਪਰੰਤ ਵਿਦਿਆਰਥੀ ਨੂੰ ਪੂਰੀ ਫੀਸ ਭਰਨੀ ਪਵੇਗੀ ।ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸਦੀ ਸੀਟ ਰੱਦ ਕਰ ਦਿੱਤੀ ਜਾਵੇਗੀ ਅਤੇ ਸੀਟ ਮੈਰਿਟ ਸੂਚੀ ਦੇ ਆਧਾਰ ’ਤੇ ਅਗਲੇ ਵਿਦਿਆਰਥੀ ਨੂੰ ਦਿੱਤੀ ਜਾਵੇਗੀ ।
15. ਪੰਜਾਬੀ ਯੂਨੀਵਰਸਿਟੀ ਪਟਿਆਲਾ ’ਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਵੱਖ-ਵੱਖ ਕਲਾਸਾਂ ਵਿੱਚ ਰਾਖਵੀਆਂ ਸੀਟਾਂ ਦੇ ਪ੍ਰਤੀਸ਼ਤ ਅਨੁਸਾਰ ਹੀ ਦਾਖ਼ਲਾ ਕੀਤਾ ਜਾਵੇਗਾ।
16. ਕਿਸੇ ਵੀ ਵਿਸ਼ੇ ਵਿੱਚ ਪ੍ਰਿੰਸੀਪਲ ਸਾਹਿਬ ਵੱਲੋਂ ਟੀਚਿੰਗ ਸਟਾਫ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕੀਤੀ ਜਾ ਸਕਦੀ ਹੈ।
17. ਕਿਸੇ ਕਲਾਸ ਵਿੱਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕੀਤਾ ਜਾਵੇਗਾ ।
18. ਦਾਖ਼ਲਾ ਹੋਣ ਉਪਰੰਤ ਫੀਸਾਂ ਦੀਆਂ ਰਸੀਦਾਂ ਦਿਖਾ ਕੇ ਲਾਇਬ੍ਰੇਰੀ ਵਿੱਚੋਂ ਸ਼ਨਾਖਤੀ-ਕਮ-ਲਾਇਬ੍ਰੇਰੀ ਕਾਰਡ ਪ੍ਰਾਪਤ ਕਰਕੇ ਟਿਊਟਰ, ਚੀਫ ਟਿਊਟਰ ਅਤੇ ਲਾਇਬ੍ਰੇਰੀਅਨ ਦੇ ਦਸਤਖ਼ਤ ਕਰਵਾਏਗਾ । ਕਾਲਜ ਆਉਣ ਸਮੇਂ ਸ਼ਨਾਖਤੀ ਕਾਰਡ ਹਰ ਰੋਜ਼ ਨਾਲ ਲੈ ਕੇ ਆਉਣਾ ਜਰੂਰੀ ਹੋਵੇਗਾ ਅਤੇ ਕਾਰਡ ਨਾ ਹੋਣ ਦੀ ਸੂਰਤ ਵਿੱਚ ਜੁਰਮਾਨਾ ਕੀਤਾ ਜਾ ਸਕਦਾ ਹੈ।
19. ਦਾਖ਼ਲ ਹੋ ਚੁੱਕੇ ਵਿਦਿਆਰਥੀਆਂ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇ ਰੱਦ ਕੀਤਾ ਜਾ ਸਕਦਾ ਹੈ।
20. ਰਾਖਵੀ ਸ਼੍ਰੇਣੀ ਦੇ ਉਮੀਦਵਾਰ ਆਪਣੀ ਮੈਰਿਟ ਅਨੁਸਾਰ ਜਨਰਲ ਵਰਗ ਵਿੱਚ ਦਾਖਲਾ ਲੈ ਸਕਦੇ ਹਨ। ਉਨ੍ਹਾਂ ਵੱਲੋਂ ਜਨਰਲ ਵਰਗ ਵਿੱਚ ਪ੍ਰਾਪਤ ਕੀਤੀ ਸੀਟ ਰਾਖਵੀਂ ਸੀਟ ਵਿੱਚੋਂ ਨਹੀਂ ਘਟੇਗੀ ।
21. ਦਾਖਲੇ ਸੰਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਉਮੀਦਵਾਰ ਅਤੇ ਉਸ ਦੇ ਮਾਤਾ-ਪਿਤਾ ਇਸ ਫੈਸਲਾ ਨੂੰ ਮੰਨਣ ਲਈ ਹਰ ਪੱਖੋਂ ਪਾਬੰਦ ਹੋਣਗੇ ।
22. ਦਾਖਲਾ ਲੈਣ ਉਪਰੰਤ ਦਾਖ਼ਲਾ ਫਾਰਮ ਵਿੱਚ ਦਰਜ ਸੂਚਨਾ ਗਲਤ ਸਾਬਤ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
23. ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸੰਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਆਰਡੀਨੈਂਸ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ।
24. k
25. ਨਿਯਮਾਂ ਅਨੁਸਾਰ ਪੁਨਰ ਮੁਲਾਂਕਣ ਉਪਰੰਤ ਲੇਟ ਫ਼ੀਸ ਨਾਲ ਲੇਟ ਦਾਖਲੇ ਦੀ ਸੁਵਿਧਾ ਹੈ, ਪਰ ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ।

26. ਜਿਹੜੇ ਵਿਦਿਆਰਥੀ ਬੀ.ਏ/ਬੀ.ਐਸ.ਸੀ. ਭਾਗ ਪਹਿਲਾ ਅਤੇ ਦੂਜਾ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫੀਸੈਂਟ ਪੇਪਰ ਦੇ ਕੇਸ ਯੂਨੀਵਰਸਿਟੀ ਵੱਲੋਂ ਦਿੱਤੀ ਤਾਰੀਖ ਤੱਕ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਨਾਲ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਵਿਖੇ ਪਹੁੰਚਦੇ ਕੀਤੇ ਜਾਣਗੇ।
27. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸਬੰਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
28. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਾਵੇਗਾ।
29. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ. 3681-3826/ਕਾਲਜੇਸ-4 ਮਿਤੀ 18-04-2012 ਅਨੁਸਾਰ ਬੋਰਡ ਆਫ਼ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
30. ਸੈਸ਼ਨ 2019-20 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ। ਪ੍ਰੰਤੂ ਨਿਰਧਾਰਿਤ ਮਿਤੀਆਂ ਦੌਰਾਨ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਪ੍ਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਮਿਤੀਆਂ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵਗੀ। (ਹਵਾਲਾ: ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 2008/ਕਾਲਜਾਂ/ਸ.-1/ਮਿਤੀ 16-4-2019)
31. ਬੀ.ਏ. ਸਮੈਸਟਰ ਪਹਿਲਾ ਵਿੱਚ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਕਾਲਜ ਪੱਧਰ 'ਤੇ ਹੀ ਬਦਲਣ ਦੀ ਸੁਵਿਧਾ ਹੋਵੇਗੀ । ਇਸ ਉਪਰੰਤ ਕੋਰਸ ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵੱਲੋਂ ਵਿਚਾਰਿਆ ਜਾਵੇਗਾ ।
32. ਵਿਦਿਆਰਥੀਆਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ/ਪ੍ਰੀਖਿਆ ਦੇਣ ਦੀ ਪ੍ਰਵਾਨਗੀ ਆਰਡੀਨੈਂਸ ਵਿੱਚ ਦਰਜ਼ ਸ਼ਰਤਾਂ ਅਨੁਸਾਰ ਹੀ ਦਿੱਤੀ ਜਾਵੇਗੀ। ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚਿਆਂ ਦੇ ਕੇਸ ਵਿੱਚ ਐਫੀਡੇਵਿਟ ਦੀ ਥਾਂ ਤੇ ਕੇਵਲ ਆਰਮੀ ਵਿੱਚ ਹੋਣ ਜਾਂ ਰਿਟਾਇਰਡ ਹੋਣ ਦਾ ਸਬੂਤ ਦਾਖਲਾ ਫਾਰਮ ਦੇ ਨਾਲ ਨੱਥੀ ਹੋਵੇਗਾ।

## ਸੈਸ਼ਨ : 2026-27 ਦੇ ਦਾਖਲੇ ਸਬੰਧੀ ਜਨਰਲ ਤੇ ਜ਼ਰੂਰੀ ਹਦਾਇਤਾਂ

1. Entry Level ਕਲਾਸਾਂ (BAI, B.C.A. I, M.Sc IT ) ਦਾ ਦਾਖਲਾ ਪੰਜਾਬ ਸਰਕਾਰ ਦੇ Online Portal ਉੱਤੇ ਹੀ ਹੋਵੇਗਾ।
2. ਵਿਦਿਆਰਥੀਆਂ ਨੇ State Level Online Portal 'ਤੇ ਫਾਰਮ ਭਰਨੇ ਹਨ ਤੇ College Preference ਦੇ ਹਿਸਾਬ ਨਾਲ ਵਿਦਿਆਰਥੀ ਕਾਲਜ ਨੂੰ ਅਲਾਟ ਹੋਣਗੇ।

3. ਯੂਨੀਵਰਸਿਟੀ ਬੋਰਡ ਪ੍ਰੀਖਿਆ ਵਿੱਚ ਫੇਲ ਹੋਏ ਰਿਵਰਟ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗੈਰ-ਹਾਜ਼ਰ, ਪ੍ਰੀਖਿਆ ਵਿੱਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
4. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ-ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਆਧਾਰ ’ਤੇ ਦਿੱਤਾ ਜਾਵੇਗਾ।
5. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰ ਦਾ ਦਾਖਲੇ ਲਈ ਹੱਕਦਾਰ ਨਹੀਂ ਹੋਣਗੇ, ਭਾਵੇਂ ਉਸ ਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲੋਂ ਵਧੇਰੇ ਹੀ ਕਿਉਂ ਨਾ ਹੋਵੇ।
6. ਸਰੀਰਕ ਸਿੱਖਿਆ ਦਾ ਵਿਸ਼ਾ ਦਾਖਲ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਜਿਹੜੇ ਸਰੀਰਕ ਸਿੱਖਿਆ ਦੇ ਟੈਸਟ ਵਿੱਚ ਯੋਗ ਪਾਏ ਜਾਣਗੇ।
7. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ’ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ’ਤੇ ਹੀ ਦਾਖਲਾ ਮਿਲ ਸਕੇਗਾ। ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ।
8. ਕਾਲਜ ਵਿੱਚ ਵੱਖ-ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਦੇ ਦਾਖਲੇ ਲਈ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਗੈਪ ਦਾ ਉਚਿਤ ਕਾਰਨ ਹੋਣ ’ਤੇ ਵਿਚਾਰਿਆ ਜਾ ਸਕਦਾ ਹੈ।
9. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ।
10. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਜ ਕੀਤਾ ਜਾ ਸਕਦਾ ਹੈ।
11. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਅਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
12. ਦਾਖਲੇ ਬਾਰੇ ਕੋਈ ਵੀ ਤਬਦੀਲੀ ਸਬੰਧੀ ਲੋੜੀਂਦੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਅਤੇ ਵੈਬਸਾਈਟ ’ਤੇ ਹੀ ਉਪਲਬਧ ਹੋਵੇਗੀ। ਇਸ ਬਾਰੇ ਕਿਸੇ ਵਿਦਿਆਰਥੀ ਨੂੰ ਵਿਸ਼ੇਸ਼ ਤੌਰ ’ਤੇ ਸੂਚਿਤ ਨਹੀਂ ਕੀਤਾ ਜਾਵੇਗਾ।

## ਫੀਸਾਂ ਤੇ ਫੰਡਾਂ ਦਾ ਵੇਰਵਾ

ਸ਼ੈਸਨ 2026-27 ਦੇ ਲਈ ਬੀ.ਏ. ਦੀਆਂ ਵੱਖ-ਵੱਖ ਕਲਾਸਾਂ ਲਈ ਵਸੂਲੀਆਂ ਜਾਣ ਵਾਲੀਆਂ ਫੀਸਾਂ ਅਤੇ ਫੰਡਾਂ ਦਾ ਵੇਰਵਾ :

| **ਫੀਸ ਹੈੱਡ** | **ਰਾਸ਼ੀ** | ਫੀਸ ਹੈੱਡ | ਰਾਸ਼ੀ |
|---|---|---|---|
| ਦਾਖਲਾ ਫੀਸ | 10/- ਰੁਪਏ ਇੱਕ ਵਾਰ | ਇੰਨਫਰਾਸਟਰਕਚਰ ਫੰਡ | 120/- ਰੁਪਏ ਸਲਾਨਾ |
| ਟਿਊਸ਼ਨ ਫੀਲ (ਲੜਕੀਆਂ ਲਈ ਮੁਆਫ) | 144/- ਰੁਪਏ | ਰਜਿਸਟ੍ਰੇਸ਼ਨ (ਨਵੇਂ ਵਿਦਿਆਰਥੀਆਂ ਲਈ) (ਪੱ.ਨੰ. 41007/ਸੀ.ਓ.ਈ. ਮਿਤੀ 31-03-2026) | 2000/- ਰੁਪਏ ਸਲਾਨਾ |
| ਅਮਲਗਾਮੇਟਿਡ ਫੰਡ | 240/- ਰੁਪਏ ਸਲਾਨਾ | ਕੰਨਟੀਨਿਊਸ਼ਨ ਫੀਸ (ਪੁਰਾਣੇ ਵਿਦਿਆਰਥੀਆਂ ਲਈ) | 360/- ਰੁਪਏ ਸਲਾਨਾ |
| ਕਾਲਜ ਮੈਗਜ਼ੀਨ | 50/-ਰੁਪਏ ਸਲਾਨਾ | | |
| ਮੈਡੀਕਲ ਫੰਡ | 20/- ਰੁਪਏ ਸਲਾਨਾ | ਸਪੋਰਟਸ ਫੰਡ | 600/- ਰੁਪਏ ਸਲਾਨਾ |
| ਸ਼ਨਾਖਤੀ ਕਾਰਡ | 10/- ਰੁਪਏ ਸਲਾਨਾ | ਯੂਨੀਵਰਸਿਟੀ ਖੇਡ ਇਨਫਰਾਸਟੱਕਚਰ ਫੰਡ | 240/- ਰੁਪਏ ਸਲਾਨਾ |
| ਕਾਲਜ ਪ੍ਰੀਖਿਆ ਫੰਡ | 20/- ਰੁਪਏ ਸਲਾਨਾ | ਐਨ.ਐਸ.ਐਸ. ਫੰਡ | 100/- ਰੁਪਏ ਸਲਾਨਾ |
| ਇਮਾਰਤ ਫੰਡ | 15/- ਰੁਪਏ ਸਲਾਨਾ | ਪੰਜਾਬ ਸਟੇਟ ਸਪੋਰਟਸ ਕੌਂਸਿਲ ਫੀਸ | 35/- ਰੁਪਏ ਸਲਾਨਾ |
| ਰੈੱਡ ਕਰਾਸ ਫੰਡ | 24/- ਰੁਪਏ ਸਲਾਨਾ | ਕਾਲਜ ਡਿਵੈਲਪਮੈਂਟ ਫੰਡ | 152/- ਰੁਪਏ ਸਲਾਨਾ |
| ਵਿਦਿਆਰਥੀ ਸਹਾਇਤਾ ਫੰਡ | 50/- ਰੁਪਏ ਸਲਾਨਾ | ਡਿਗਰੀਆਂ/ਸਰਟੀਫਿਕੇਟ ਪੜਤਾਲ /ਵੈਰੀਫਿਕੇਸ਼ਨ ਫੀਸ (ਕੇਵਲ ਨਵੇਂ ਵਿਦਿਆਰਥੀਆਂ ਲਈ) | 1000/- ਰੁਪਏ ਸਲਾਨਾ |
| ਸਰੀਰਕ ਵਿਕਾਸ ਫੰਡ | 75/- ਰੁਪਏ ਸਲਾਨਾ | ਬਲਾਕ ਐਂਟਰੀ ਫੀਸ | 110/- ਰੁਪਏ ਸਲਾਨਾ |
| ਸਪੋਰਟਸ ਫੰਡ | 15/- ਰੁਪਏ ਸਲਾਨਾ | ਪੰਜਾਬੀ ਭਾਸ਼ਾ ਵਿਕਾਸ ਫੰਡ | 98/- ਰੁਪਏ ਸਲਾਨਾ |
| ਆਤਮ ਨਿਰਭਰਤਾ ਫੰਡ | 5/- ਰੁਪਏ ਸਲਾਨਾ | ਯੂਨੀਵਰਸਿਟੀ/ਸਪੋਰਟਸ ਹੋਸਟਲ ਫੀਸ | 240/- ਰੁਪਏ |
| ਲਾਇਬ੍ਰੇਰੀ ਸਕਿਉਰਟੀ ਫੰਡ (ਬੀ.ਏ. ਭਾਗ ਪਹਿਲਾ ਅਤੇ ਹੋਰ ਕਿਸੇ ਨਵੇਂ ਦਾਖਲੇ ਵਾਲੇ ਵਿਦਿਆਰਥੀ ਲਈ) | 30/- ਰੁਪਏ ਸਲਾਨਾ | ਸਲਾਨਾ ਯੁਵਕ ਭਲਾਈ ਫੀਸ | 120/- ਰੁਪਏ ਸਲਾਨਾ |

| | | | |
|---|---|---|---|
| ਪੰਜਾਬ ਉੱਚ ਸਿੱਖਿਆ ਵਿਕਾਸ ਫੰਡ | 15/- ਰੁਪਏ ਸਲਾਨਾ | ਸਪੋਰਟਸ ਵਿੰਗ ਫੀਸ | 120/- ਰੁਪਏ ਸਲਾਨਾ |
| ਲਾਇਬ੍ਰੇਰੀ ਵਿਕਾਸ ਫੰਡ | 30/- ਰੁਪਏ ਸਲਾਨਾ | ਯੂਨੀਵਰਸਿਟੀ ਪ੍ਰੋਸੈਸਿੰਗ ਫੀਸ (ਨਵੇਂ ਵਿਦਿਆਰਥੀਆਂ ਲਈ) | ਜਨਰਲ ਵਿਦਿਆਰਥੀ:185/-<br>ਐੱਸਸੀ ਵਿਦਿਆਰਥੀ:185/- |
| ਫਰਨੀਚਰ ਫੰਡ | 15/- ਰੁਪਏ ਸਲਾਨਾ | **ਨਵੇਂ ਵਿਦਿਆਰਥੀਆਂ ਲਈ** | **5120** |
| ਜਰਨੇਟਰ ਫੰਡ | 200/- ਰੁਪਏ ਸਲਾਨਾ | **ਪੁਰਾਣੇ ਵਿਦਿਆਰਥੀਆਂ ਲਈ** | **2295** |
| ਪੀ.ਟੀ.ਏ. ਫੰਡ | 3000/- ਰੁਪਏ ਸਲਾਨਾ | **ਕੁੱਲ ਫੀਸ** | **14,283/-** |
| **ਕੁੱਲ ਕਾਲਜ ਫੰਡ** | **3968/-** | | |
| | | | |

| | |
|---|---|
| ਦੋ ਸਮੈਸਟਰ ਪ੍ਰੀਖਿਆ ਫੀਸ (1720/- ਇਕ ਸਮੈਸਟਰ) | 3440/- |
| | |
| ਯੂਨੀਵਰਸਿਟੀ ਪ੍ਰੈਕਟੀਕਲ ਫੀਸ (590/- ਇਕ ਸਮੈਸਟਰ) | 1180/-ਪ੍ਰਤੀ ਵਿਸ਼ਾ |
| ਪ੍ਰੈਕਟੀਕਲ ਫੰਡ (ਪ੍ਰਤੀ ਵਿਸ਼ਾ) | 150/- ਰੁਪਏ ਸਲਾਨਾ |
| ਪ੍ਰੀਖਿਆ ਫਾਰਮ ਫ਼ੀਸ | 240/- ਰੁਪਏ ਸਲਾਨਾ |
| ਮਾਈਗਰੇਸ਼ਨ ਫੀਸ<br>(ਕੇਵਲ ਨਵੇਂ ਵਿਦਿਆਰਥੀਆਂ ਲਈ) | 170/- ਰੁਪਏ ਇੱਕ ਵਾਰ |
| | |
| ਪਾਰਕਿੰਗ ਫੰਡ | 50/- ਰੁਪਏ ਸਲਾਨਾ |

## HEIS ਵਿਚ ਚੱਲ ਰਹੇ ਕੋਰਸਾਂ ਫੀਸਾਂ ਦਾ ਵੇਰਵਾ

| S No. | FeeName | Type | B.C.A.-1st | P.G.D.C.A | M.sc.-IT-1st | M.sc.-IT (LE) |
|---|---|---|---|---|---|---|
| 1 | Admission fees | College Fund | 10 | 10 | 10 | 10 |
| 2 | Amalgamated Fund | College Fund | 240 | 240 | 240 | 240 |
| 3 | Higher education development funds | College Fund | 15 | 15 | 15 | 15 |
| 4 | Student Aid fund (Poor and Needy) | College Fund | 50 | 50 | 50 | 50 |
| 5 | Red Cross Fund | College Fund | 24 | 24 | 24 | 24 |
| 6 | Annual funds | College Fund | 6500 | 6500 | 6500 | 6500 |
| 7 | House exam fees | College Fund | 20 | 20 | 20 | 20 |
| 8 | Generator fund | College Fund | 200 | 200 | 200 | 200 |
| 9 | Identity Card | College Fund | 10 | 10 | 10 | 10 |
| 10 | Laboratory Fund | College Fund | 5000 | 5000 | 7000 | 7000 |

| | | | | | | |
|---|---|---|---|---|---|---|
| 11 | Security | College Fund | 200 | 200 | 200 | 200 |
| 12 | Tuition Fee Fund (for girls) | College Fund | 938 | 690 | 1670 | 1670 |
| 13 | Tuition Fee Fund (for boys) | College Fund | 1313 | 970 | 2070 | 2070 |
| 14 | HEIS Development Fund | College Fund | 4000 | 4000 | 4700 | 4700 |
| 15 | Sports Fee College part | Uni. Fund | 120 | 120 | 120 | 120 |
| 16 | College Development Council | Uni. Fund | 76 | 76 | 76 | 76 |
| 17 | NSS (College Part) | Uni. Fund | 50 | 50 | 50 | 50 |
| 18 | Punjabi Language Fund (Punjabi Bhasha...) College Fund | Uni. Fund | 33 | 33 | 33 | 33 |
| 19 | Practical Exam Fee two sem. | Uni. Fund | 1180 | 1180 | 1180 | 1180 |
| 20 | Exam fees form (two sem) | Uni. Fund | 240 | 240 | 240 | 240 |
| 21 | Examination fees (two sem) | Uni. Fund | 3440 | 4340 | 3440 | 3440 |
| | | | 23659 | 23968 | 27848 | 27848 |
| 1 | General /Bc proceesing fees only for new student | Uni. Fund | 185 | 185 | 185 | 185 |
| 2 | SC/ST proceesing fees only for new student | Uni. Fund | 185 | 185 | 185 | 185 |
| 3 | Registration fees for new student and other uni. | Uni. Fund | 2000 | 2000 | 2000 | 2000 |
| 4 | Continuation Fee (360/- only for old students) | Uni. Fund | NA | NA | NA | NA |
| 5 | Punjab state Sports council | Uni. Fund | 35 | 35 | 35 | 35 |
| 6 | Ceritificate verification fees only for new student | Uni. Fund | 1000 | 1000 | 1000 | 1000 |
| 7 | Sports Fee | Uni. Fund | 480 | 480 | 480 | 480 |
| 8 | College Development Council | Uni. Fund | 76 | 76 | 76 | 76 |
| 9 | Youth Welfare Fund | Uni. Fund | 120 | 120 | 120 | 120 |
| 10 | Infra. Development Fund | Uni. Fund | 120 | 120 | 120 | 120 |
| 11 | NSS | Uni. Fund | 50 | 50 | 50 | 50 |
| 12 | Punjabi Language Fund (Punjabi Bhasha...) | Uni. Fund | 65 | 65 | 65 | 65 |
| 13 | Sports Hostel Fee | Uni. Fund | 240 | 240 | 240 | 240 |
| 14 | Sports Infra. Development Fund | Uni. Fund | 240 | 240 | 240 | 240 |
| 15 | Sports wing fee | Uni. Fund | 120 | 120 | 120 | 120 |
| 16 | Block Entry Fee | Uni. Fund | 110 | 110 | 110 | 110 |
| | | | 5026 | 5026 | 5026 | 5026 |
| 1 | Migration Fee new student( other boards/uni. If applicable) | Uni. Fund | 170 | 170 | 170 | 170 |
| | Total Fees | For Boys | 27747 | 28,304 | 31,204 | 31,204 |
| | | For Girls | 27372 | 28,024 | 30,804 | 30,804 |
| | Total Fees For BCA II | For Boys | 24,737 | | | |
| | | For Girls | 24,362 | | | |

## ਫੀਸਾਂ ਸਬੰਧੀ ਨਿਯਮ

- ਉਪਰੋਕਤ ਫੀਸਾਂ ਅਤੇ ਫੰਡਾਂ ਵਿੱਚ ਜੇਕਰ ਪੰਜਾਬ ਸਰਕਾਰ/ਯੂਨੀ. ਵੱਲੋਂ ਕੋਈ ਤਬਦੀਲੀ ਹੁੰਦੀ ਹੈ ਤਾਂ ਉਸ ਤਬਦੀਲੀ ਅਨੁਸਾਰ ਫੀਸਾਂ/ਫੰਡ ਲਏ ਜਾਣਗੇ। ਵਿਦਿਆਰਥੀ ਸਮੇਂ ਸਮੇਂ ਇਸ ਸੰਬੰਧੀ ਨੋਟਿਸ ਬੋਰਡ ਵਾਚਦੇ ਰਹਿਣ।
- ਅਨੁਸੂਚਿਤ ਜਾਤੀ ਦੇ ਵਿਦਿਆਰਥੀ, ਜਿੰਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੋਵੇ ਉਹਨਾਂ ਤੋਂ ਟਿਊਸ਼ਨ ਫ਼ੀਸ ਅਤੇ ਨਾਨ-ਰਿਫੰਡਏਬਲ ਲਾਜ਼ਮੀ ਫ਼ੀਸਾਂ ਜੋ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਵਰ ਹੁੰਦੀਆਂ ਹਨ, ਨਹੀਂ ਲਈਆਂ ਜਾਣਗੀਆਂ। ਇਸ ਲਈ ਵਿਦਿਆਰਥੀ ਨੂੰ ਫ਼ੀਸ ਮੁਆਫ਼ ਕਰਵਾਉਣ ਲਈ ਤਹਿਸੀਲਦਾਰ ਤੋਂ 2.5 ਲੱਖ ਰੁਪਏ ਤੋ ਘੱਟ ਚਾਲੂ ਵਿੱਤੀ ਵਰ੍ਹੇ ਸਲਾਨਾ ਆਮਦਨ ਦਾ ਸਰਟੀਫਿਕੇਟ ਦਿਖਾਉਣਾ ਹੋਵੇਗਾ। ਮਾਪੇ ਆਪਣੇ ਵਿਭਾਗ ਦੇ ਮੁੱਖੀ ਤੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਦਾਖ਼ਲੇ ਮੌਕੇ ਪੇਸ਼ ਕਰਨ। ਹਵਾਲਾ ਸੰਯੁਕਤ ਸਕੱਤਰ (ਪੰਜਾਬ ਸਰਕਾਰ) ਭਲਾਈ ਵਿਭਾਗ ਪੱਤਰ ਨੰ: 3/14/07 ਐਸ.ਏ. 11/2244-2249 ਚੰਡੀਗੜ੍ਹ ਮਿਤੀ 11-7 2007 ਪੰਜਾਬੀ ਯੂਨੀਵਰਸਿਟੀ ਪਟਿਆਲਾ /ਉਚੇਰੀ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਫੀਸਾਂ ਅਤੇ ਫੰਡਾਂ ਵਿੱਚ ਕੀਤੀ ਗਈ ਕੋਈ ਵੀ ਤਬਦੀਲੀ ਅਤੇ ਫ਼ੀਸ ਮਾਫੀ ਸਬੰਧੀ ਨਵੇਂ ਦਿਸ਼ਾ ਨਿਰਦੇਸ਼ ਚਾਲੂ ਸ਼ੈਸ਼ਨ ਦੌਰਾਨ ਵਿਦਿਆਰਥੀਆਂ ਤੇ ਤੁਰੰਤ ਲਾਗੂ ਹੋਣਗੇ। ਵਿਦਿਆਰਥੀ ਸਮੇਂ ਸਮੇਂ 'ਤੇ ਕਾਲਜ ਦਾ ਨੋਟਿਸ ਬੋਰਡ ਵਾਚਦੇ ਰਹਿਣ।
- ਹਰ ਕੋਰਸ ਲਈ ਨਿਸ਼ਚਿਤ ਫ਼ੀਸ ਅਤੇ ਫੰਡ ਪੇਸ਼ਗੀ ਵਸੂਲ ਕੀਤੇ ਜਾਣਗੇ। ਸਾਰੇ ਸਾਲ ਦੀ ਫੀਸ ਦਾਖਲੇ ਸਮੇਂ ਹੀ ਲਈ ਜਾਵੇਗੀ।
- ਦਾਖ਼ਲਾ ਫ਼ੀਸ ਵਿਦਿਆਰਥੀਆਂ ਤੋਂ ਆਨਲਾਈਨ ਪੇਮੈਂਟ ਮੋਡ ਰਾਹੀਂ ਦਾਖ਼ਲਾ ਹੋ ਜਾਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਲੋੜੀਂਦੀ ਫ਼ੀਸ ਉਸੇ ਦਿਨ ਆਨਲਾਈਨ ਮੋਡ ਰਾਹੀਂ ਜਮ੍ਹਾ ਕਰਵਾਉਣੀ ਲਾਜ਼ਮੀ ਹੋਵੇਗੀ। ਫੰਡ, ਫ਼ੀਸ ਤੇ ਜੁਰਮਾਨੇ ਮਿਥੀ ਮਿਤੀ ਤੱਕ ਨਾ ਦਿੱਤੇ ਜਾਣ ਦੀ ਸੂਰਤ ਵਿਚ ਵਿਦਿਆਰਥੀ ਦਾ ਨਾਂ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ।
- ਜੇਕਰ ਯੂਨੀਵਰਸਿਟੀ ਵੱਲੋਂ M.Sc IT ਦੇ Deficient Paper ਯੂਨੀਵਰਸਿਟੀ ਵੱਲੋਂ ਲਏ ਗਏ ਤਾਂ ਉਸਦੀ ਬਣਦੀ ਫੀਸ ਵਿਦਿਆਰਥੀ ਦੇਣ ਦੇ ਪਾਬੰਦ ਹੋਣਗੇ।

## ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨਿਕ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।
2. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਬਿਨਾਂ ਆਗਿਆ ਕਿਸੇ ਵੀ ਬਾਹਰਲੇ ਵਿਅਕਤੀ ਦੁਆਰਾ ਕਾਲਜ ਵਿੱਚ ਕੋਈ ਮੀਟਿੰਗ ਨਹੀਂ ਕੀਤੀ ਜਾ ਸਕਦੀ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖਤ ਮਨ੍ਹਾਂ ਹੈ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ।
5. ਵਿੱਦਿਅਕ ਅਤੇ ਸਭਿਆਚਾਰਕ ਵਿਸ਼ਿਆ ਉੱਤੇ ਪ੍ਰਿੰਸੀਪਲ, ਅਧਿਆਪਕ ਜਾਂ ਪ੍ਰਸਿੱਧ ਵਿਅਕਤੀਆਂ ਵੱਲੋਂ ਦਿੱਤੇ ਜਾਂਦੇ ਵਿਸ਼ੇਸ਼ ਭਾਸ਼ਣਾਂ 'ਤੇ ਵਿਦਿਆਰਥੀ ਲਈ ਹਾਜ਼ਰ ਹੋਣਾ ਜਰੂਰੀ ਹੈ।
6. ਪ੍ਰਿੰਸੀਪਲ ਸਾਹਿਬ ਕੋਲ ਸਾਰੀਆਂ ਅਰਜ਼ੀਆਂ ਪੰਜਾਬੀ ਭਾਸ਼ਾ ਵਿੱਚ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।
7. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਕੈਂਪਸ ਨੂੰ ਸਾਫ ਰੱਖਣ। ਕਿਤੇ ਵੀ ਕੁਝ ਲਿਖਣ, ਨਿਸ਼ਾਨ ਲਾਉਣ ਜਾਂ ਪੋਸਟਰ ਲਾਉਣ ਦੀ ਸਖ਼ਤ ਮਨਾਹੀ ਹੈ। ਪਾਰਕਾਂ ਵਿੱਚੋਂ ਫੁੱਲ-ਬੂਟੇ ਤੋੜਨਾ ਸਖ਼ਤ ਮਨ੍ਹਾਂ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਹੈ।
8. ਸਰਕਾਰੀ ਜਾਇਦਾਦ ਜਿਵੇਂ ਕਿ ਡੈਸਕ, ਕੁਰਸੀਆਂ, ਬੈਂਚ, ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਖਰਾਬ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਵਿਸ਼ੇਸ਼ ਜੁਰਮਾਨਾ ਵੀ ਹੋਵੇਗਾ।
9. ਪ੍ਰਿੰਸੀਪਲ ਕੋਲ ਯੋਗ ਢੰਗ ਨਾਲ ਆਪਣੀਆਂ ਮੁਸ਼ਕਲਾਂ ਦੱਸਣ ਦੀ ਵਿਦਿਆਰਥੀ ਨੂੰ ਖੁੱਲ੍ਹ ਹੈ।
10. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ। ਇਹ ਸ਼ਨਾਖਤੀ ਕਾਰਡ ਕਾਲਜ ਦੇ ਜ਼ਿੰਮੇਵਾਰ ਅਧਿਕਾਰੀ ਦੇ ਪੁੱਛਣ 'ਤੇ ਵਿਖਾਉਣਾ ਲਾਜ਼ਮੀ ਹੈ। ਕਾਰਡ ਨਾ ਹੋਣ ਦੀ ਸੂਰਤ ਵਿੱਚ, ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
11. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਪੀਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨ, ਤਾਸ਼ ਅਤੇ ਜੂਆ ਖੇਡਣ ਦੀ ਸਖਤ ਮਨਾਹੀ ਹੈ।

12. ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ। ਕਾਲਜ ਵਿੱਚ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
13. ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਬਾਰੇ ਜਾਰੀ ਹਦਾਇਤਾਂ ਦੀ ਪਾਲਣਾ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।
14. ਸਾਈਕਲ, ਸਕੂਟਰ, ਮੋਟਰ-ਸਾਈਕਲ ਨਿਸ਼ਚਿਤ ਸਾਈਕਲ ਸਟੈਂਡ 'ਤੇ ਹੀ ਖੜ੍ਹੇ ਕੀਤੇ ਜਾਣ। ਇਸ ਬਾਬਤ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
15. ਖੇਡ ਦੇ ਮੈਦਾਨ ਵਿੱਚ ਕੋਈ ਵੀ ਵਹੀਕਲ ਚਲਾਉਣਾ ਜਾ ਖੜ੍ਹਾ ਕਰਨਾ ਮਨ੍ਹਾਂ ਹੈ।
16. ਕਿਸੇ ਵਿਦਿਆਰਥੀ ਦੀ ਕਿਸੇ ਹਰਕਤ ਨੂੰ ਦੁਰ ਵਿਵਹਾਰ ਜਾਂ ਅਨੁਸ਼ਾਸਨ ਵਿਰੁੱਧ ਕਰਾਰ ਦੇਣ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਦੇ ਹੱਥ ਵਿੱਚ ਹੈ। ਅਜਿਹੇ ਕਸੂਰ ਦੇ ਬਦਲੇ ਪ੍ਰਿੰਸੀਪਲ, ਵਿਦਿਆਰਥੀ ਨੂੰ ਜੁਰਮਾਨਾ/ਕਾਲਜ ਤੋਂ ਕੱਢ/ਬਲੈਕ ਲਿਸਟ ਕਰ ਸਕਦੇ ਹਨ।

# ਵਿਸ਼ਾ ਤਬਦੀਲੀ, ਕਾਲਜ ਛੱਡਣਾ, ਛੁੱਟੀ ਦੇ ਨਿਯਮ, ਕਾਲਜ ਤੋਂ ਗੈਰਹਾਜ਼ਰੀ, ਘਰੇਲੂ ਪ੍ਰੀਖਿਆਵਾਂ, ਯੂਨੀਵਰਸਿਟੀ ਪ੍ਰੀਖਿਆ ਲਈ ਪਾਤਰਤਾ, ਹਾਜ਼ਰੀਆਂ, ਲਾਇਬ੍ਰੇਰੀ ਕਮ ਸ਼ਨਾਖਤੀ ਕਾਰਡ, ਟਿਊਟੋਰੀਅਲ ਗਰੁੱਪ

## ਵਿਸ਼ਾ ਤਬਦੀਲੀ

ਵਿਸ਼ੇ ਦੀ ਤਬਦੀਲੀ ਦਾਖਲੇ ਉਪਰੰਤ ਚਾਰ ਹਫਤਿਆਂ ਦੇ ਅੰਦਰ-ਅੰਦਰ ਹੀ ਕੀਤੀ ਜਾਵੇਗੀ। ਇਸ ਮੰਤਵ ਲਈ ਅਰਜ਼ੀ ਨਿਸ਼ਚਿਤ ਫਾਰਮ ਅਤੇ ਸਬੰਧਿਤ ਅਧਿਆਪਕ ਦੀ ਸਿਫਾਰਸ਼ ਕਰਵਾਉਣ ਉਪਰੰਤ ਯੂਨੀਵਰਸਿਟੀ ਕਲਰਕ ਨੂੰ ਦਫਤਰ ਵਿੱਚ ਦੇਣੀ ਹੋਵੇਗੀ ਅਤੇ ਇਹ ਤਬਦੀਲੀ ਸਬੰਧਿਤ ਕਮੇਟੀ ਦੀ ਪ੍ਰਵਾਨਗੀ ਉਪਰੰਤ ਹੀ ਲਾਗੂ ਹੋਵਗੀ। ਵਿਸ਼ਾ ਬਦਲਣ ਵਾਲੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਵੱਲੋਂ ਨੋਟਿਸ ਲਗਾਏ ਜਾਣ ਤੋਂ ਬਾਅਦ ਹੀ ਨਵੇਂ/ਦੂਸਰੇ ਵਿਸ਼ਿਆਂ ਦੀਆਂ ਕਲਾਸਾਂ ਲਗਾਉਣਗੇ।ਸੰਬੰਧਿਤ ਅਧਿਆਪਕ ਦੀ ਸਿਫਾਰਸ਼ ਕਰਾਉਣ ਤੋਂ ਬਿਨ੍ਹਾਂ ਹੀ ਆਪਣੇ ਆਪ ਨਵੇਂ ਵਿਸ਼ਿਆਂ ਦੀਆਂ ਕਲਾਸਾਂ ਲਾਉਣ ਨਾਲ ਵਿਦਿਆਰਥੀ ਦੀਆਂ ਹਾਜ਼ਰੀਆਂ ਘੱਟ ਸਕਦੀਆਂ ਹਨ। ਇਸ ਤੋਂ ਪੈਦਾ ਹੋਣ ਵਾਲੀ ਸਥਿਤੀ ਲਈ ਉਹ ਆਪ ਜਿੰਮੇਵਾਰ ਹੋਣਗੇ ।

## ਕਾਲਜ ਛੱਡਣ ਸੰਬੰਧੀ ਨਿਯਮ

ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਹੱਥ ਲਿਖਤ ਵਿੱਚ ਬਿਨੈ ਪੱਤਰ ਦੇਣਾ ਹੋਵੇਗਾ। ਅਜਿਹੇ ਬਿਨੈ ਪੱਤਰਾਂ ਉਤੇ ਮਾਪਿਆਂ/ਸਰਪ੍ਰਸਤਾਂ ਦੀ ਆਗਿਆ ਜਰੂਰੀ ਹੋਵੇਗੀ, ਜਦੋਂ ਤੱਕ ਬਿਨੈ ਪੱਤਰ ਦੇ ਕੇ ਨਾਂ ਨਹੀਂ ਕਟਵਾਇਆ ਜਾਂਦਾ ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫ਼ੰਡ ਅਤੇ ਜੁਰਮਾਨੇ ਲਏ ਜਾਣਗੇ।

## ਛੁੱਟੀਆਂ ਸੰਬੰਧੀ ਨਿਯਮ

- ਕਾਲਜ ਤੋਂ 6 ਦਿਨ ਤੱਕ ਦੀ ਛੁੱਟੀ ਦੀ ਅਰਜੀ ਸਬੰਧਿਤ ਟਿਊਟਰ ਨੂੰ ਪੇਸ਼ ਕੀਤੀ ਜਾਣੀ ਚਾਹੀਦੀ ਹੈ।
- 15 ਦਿਨਾਂ ਤੱਕ ਦੀ ਛੁੱਟੀ ਸੀਨੀਅਰ ਟਿਊਟਰ ਅਤੇ ਇਸ ਤੋਂ ਵੱਧ ਪ੍ਰਿੰਸੀਪਲ ਮੰਨਜੂਰ ਕਰੇਗਾ। ਟਿਊਟਰ ਰਾਹੀਂ ਅਰਜੀ ਚੀਫ ਟਿਊਟਰ ਨੂੰ ਪੇਸ਼ ਕੀਤੀ ਜਾਵੇ ।
- ਛੁੱਟੀ ਲੈਣ ਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਸ ਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਲੈਕਚਰਾਂ ਵਿੱਚ ਲੋੜੀਦੀ ਘੱਟੋ-ਘੱਟ ਹਾਜ਼ਰੀ ਨਾਲ ਨਹੀਂ ਹੈ।
- ਕਾਲਜ ਨਾਲ ਸਬੰਧਿਤ ਕਿਸੇ ਗਤੀਵਿਧੀ ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ/ਖੇਡਾਂ ਦੇ ਇੰਚਾਰਜ ਪ੍ਰੋਫ਼ੈਸਰ ਦੀ ਸਿਫ਼ਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜੀ ਮਨਜੂਰ ਕਰਵਾਉਣ ਲਈ ਦਫ਼ਤਰ ਵਿੱਚ ਦੇਣ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ ਪੱਤਰ ਦਾ ਬਾਕੀ ਹਿੱਸਾ ਆਪਣੇ ਪਾਸ ਰੱਖਣ। ਇਸ ਫ਼ਾਰਮ ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਤ ਵਿਦਿਆਰਥੀਆਂ ਨੂੰ ਹੀ ਦਿੱਤੀ ਜਾਵੇਗੀ ।

- ਘਰੇਲੂ ਪ੍ਰੀਖਿਆ ਤੋਂ ਗੈਰ-ਹਾਜ਼ਰੀ ਸਿਰਫ਼ ਮੈਡੀਕਲ ਆਧਾਰ ‘ਤੇ ਹੀ ਪ੍ਰਵਾਨ ਕੀਤੀ ਜਾਵੇਗੀ। ਇਸ ਬਾਬਤ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿੱਚ ਮੌਕੇ ’ਤੇ ਇਜ਼ਾਜਤ ਲੈਣੀ ਜ਼ਰੂਰੀ ਹੈ।

## ਕੋਰਸ ਵਿੱਚ ਮੁੜ-ਦਾਖਲਾ

ਜੇਕਰ ਕੋਈ ਵਿਦਿਆਰਥੀ ਛੁੱਟੀ ਮੰਨਜੂਰ ਕਰਵਾਏ ਬਿਨਾਂ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ ਦਸ ਦਿਨ ਜਾਂ ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪਾਂ ਵਿੱਚ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਦਾਖਲੇ ਦੀ ਫੀਸ ਦੇ ਕੇ 15 ਦਿਨਾਂ ਦੇ ਅੰਦਰ -ਅੰਦਰ ਦੁਬਾਰਾ ਦਾਖ਼ਲ ਹੋ ਸਕਦੇ ਹਨ। ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਉਸ ਸਮੇਂ ਜਿਸ ਦੌਰਾਨ ਉਸ ਦਾ ਨਾਮ ਕੱਟਿਆ ਹੋਇਆ ਸੀ, ਦੀਆ ਹਾਜ਼ਰੀਆਂ ਨਹੀਂ ਮਿਲਣਗੀਆਂ।

## ਘਰੇਲੂ ਪ੍ਰੀਖਿਆਵਾਂ

ਘਰੇਲੂ ਪ੍ਰੀਖਿਆ ਹਰ ਵਿਦਿਆਰਥੀ ਲਈ ਜ਼ਰੂਰੀ ਹੈ, ਜਿਸ ਵਿੱਚ ਹਰ ਵਿਦਿਆਰਥੀ ਨੇ ਹਰੇਕ ਵਿਸ਼ੇ ਵਿਚੋਂ 25% ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਹੁੰਦੇ ਹਨ। ਇਹ ਘਰੇਲੂ ਪ੍ਰੀਖਿਆ ਆਮ ਤੌਰ ’ਤੇ ਅਕਤੂਬਰ ਅਤੇ ਮਾਰਚ ਦੇ ਪਹਿਲੇ ਹਫ਼ਤੇ ਕਾਰਵਾਈ ਜਾਂਦੀ ਹੈ। ਜਿਹੜੇ ਵਿਦਿਆਰਥੀ ਕਿਸੇ ਬਿਮਾਰੀ ਜਾਂ ਹੋਰ ਬੇਰੋਕ ਕਾਰਨਾਂ ਕਰਕੇ ਪ੍ਰੀਖਿਆ ਨਾ ਦੇ ਸਕਣ ਜਾਂ ਉਹ ਵਿਦਿਆਰਥੀ ਜੋ ਨਿਰਧਾਰਿਤ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਲਈ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਵੀ ਕਾਰਵਾਈ ਜਾ ਸਕਦੀ ਹੈ। ਘਰੇਲੂ ਪ੍ਰੀਖਿਆ ਦੌਰਾਨ ਬਿਮਾਰੀ ਦੀ ਛੁੱਟੀ ਦੀ ਅਰਜ਼ੀ ਤਾਂ ਹੀ ਮਨਜੂਰ ਹੋ ਸਕਦੀ ਹੈ, ਜੇਕਰ ਵਿਦਿਆਰਥੀ ਕੋਲ ਕਿਸੇ ਪ੍ਰਮਾਣਿਤ ਐਮ.ਬੀ.ਬੀ.ਐਸ/ ਐਮ.ਡੀ. ਡਾਕਟਰ ਦਾ ਮੈਡੀਕਲ ਸਰਟੀਫਿਕੇਟ ਹੋਵੇ। ਅਜਿਹੀ ਅਰਜੀ ਬਿਮਾਰੀ ਦੇ ਸਮੇਂ ਦੌਰਾਨ ਹੀ ਭੇਜਣੀ ਜਰੂਰੀ ਹੋਵੇਗੀ। ਪ੍ਰੀਖਿਆ ਲੰਘਣ ਤੋਂ ਬਾਅਦ ਵਿੱਚ ਕੋਈ ਮੈਡੀਕਲ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ। ਇਸ ਛੁੱਟੀ ਨਾਲ ਕੇਵਲ ਜੁਰਮਾਨੇ ਤੋਂ ਛੋਟ ਮਿਲ ਸਕਦੀ ਹੈ।

## ਯੂਨੀਵਰਸਿਟੀ ਪ੍ਰੀਖਿਆ ਦੇਣ ਲਈ ਪਾਤਰਤਾ

ਕੋਈ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦਾ ਹੱਕਦਾਰ ਤਾਂ ਹੀ ਹੋ ਸਕਦਾ ਹੈ, ਜੇਕਰ ਉਸਨੇ ਸਾਰੇ ਵਿਸਿਆਂ ਵਿਚੋਂ ਕੁੱਲ 25 ਪ੍ਰਤੀਸ਼ਤ ਜਾਂ ਹਰ ਵਿਸ਼ੇ ਵਿੱਚੋਂ 25 ਪ੍ਰਤੀਸ਼ਤ ਨੰਬਰ ਲਏ ਹੋਣ । ਸ਼ਰਤਾਂ ਪੁਰੀਆਂ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇਣ ਦੇ ਯੋਗ ਨਹੀਂ ਹੋਵੇਗਾ। ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਨ੍ਹਾਂ ਦੇ ਘਰੇਲੂ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾ ਅਤੇ ਲੈਕਚਰਾਂ ਸਬੰਧੀ ਸਮੇਂ ਸਮੇਂ ਤੇ ਜਾਣਕਾਰੀ ਪ੍ਰਾਪਤ ਕਰਦੇ ਰਹਿਣ।

## ਹਾਜ਼ਰੀਆਂ ਪੂਰੀਆਂ ਹੋਣ ਸੰਬੰਧੀ ਨਿਯਮ

ਕਾਲਜ ਵਿੱਚ ਦਾਖ਼ਲ ਹੋਏ ਸਮੂਹ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਬਣਨ ਲਈ ਹਰ ਪਰਚੇ ਜਾਂ ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਜ਼ਰੂਰੀ ਹਨ। ਮਾਪਿਆਂ/ਸਰਪ੍ਰਸਤਾਂ ਨੂੰ ਚਾਹੀਦਾ ਹੈ ਕਿ ਵਿਦਿਆਥੀਆਂ ਦੀਆਂ ਹਾਜ਼ਰੀਆਂ ਬਾਰੇ ਪੂਰਾ ਧਿਆਨ ਰੱਖਣ ਅਤੇ ਕਾਲਜ 'ਚ ਇਸ ਸੰਬੰਧੀ ਵਿਸ਼ੇਸ਼ ਕਰਕੇ ਸਤੰਬਰ, ਦਸੰਬਰ, ਫਰਵਰੀ, ਅਪ੍ਰੈਲ ਦੇ ਮਹੀਨਿਆ 'ਚ ਸੰਪਰਕ ਕਰਨ। ਜੇਕਰ ਕਿਸੇ ਵਿਦਿਆਰਥੀ ਦੇ ਮਾਤਾ/ਪਿਤਾ/ਸਰਪ੍ਰਸਤ ਨੂੰ ਕਿਸੇ ਵੇਲੇ ਕਾਲਜ ਵਿਖੇ

ਬੁਲਾਇਆ ਜਾਂਦਾ ਹੈ ਤਾਂ ਉਹ ਸੰਬੰਧਿਤ ਅਧਿਕਾਰੀਆਂ ਨੂੰ ਜ਼ਰੂਰ ਮਿਲਣ। ਸਮੈਸਟਰ ਦੇ ਅਖੀਰ ਵਿੱਚ ਜਿਹੜੇ ਵਿਦਿਆਰਥੀਆਂ ਦੇ ਲੈਕਚਰ ਘੱਟ ਹੋਣਗੇ ਉਨ੍ਹਾਂ ਨੂੰ ਕਾਲਜ ਵੱਲੋਂ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀ ਦਿਨ ਦੇ ਕਿਸੇ ਪੀਰੀਅਡ ਜਾਂ ਪੂਰਾ ਦਿਨ ਗ਼ੈਰ-ਹਾਜ਼ਰ ਰਹਿੰਦੇ ਹਨ, ਉਨ੍ਹਾਂ ਨੂੰ ਬਣਦਾ ਜੁਰਮਾਨਾ/ਫ਼ੀਸ ਦੇਣੀ ਪਵੇਗੀ। ਜੁਰਮਾਨਾ 1/- ਰੁਪਏ ਪ੍ਰਤੀ ਦਿਨ ਹੈ। ਟਿਊਟੋਰੀਅਲ ਗਰੁੱਪ ਦੀ ਮੀਟਿੰਗ ਵਿੱਚ ਗ਼ੈਰ-ਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ। ਕੋਈ ਵਿਦਿਆਰਥੀ ਜੇਕਰ ਦਸ ਦਿਨ ਲਗਾਤਾਰ ਕਲਾਸ ਵਿਚੋਂ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਮੁੜ ਦਾਖ਼ਲੇ ਸੰਬੰਧੀ ਫੈਸਲਾ ਪ੍ਰਿੰਸੀਪਲ ਸਾਹਿਬ ਦੇ ਵਿਸ਼ੇਸ਼ ਅਧਿਕਾਰ ਵਿੱਚ ਹੋਵੇਗਾ। ਮੁੜ ਦਾਖ਼ਲੇ ਸਮੇਂ ਵਿਦਿਆਰਥੀ ਨੂੰ ਬਣਦਾ ਜੁਰਮਾਨਾ ਦੇਣਾ ਪਵੇਗਾ ਅਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਹਾਜ਼ਰੀਆਂ ਅਤੇ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।

## ਕਲਾਸਾਂ ਅਤੇ ਟਾਈਮ ਟੇਬਲ

ਬਿਨਾਂ ਲੇਟ ਫ਼ੀਸ ਵਾਲੇ ਦਾਖਲਿਆਂ ਦੀਆਂ ਕਲਾਸਾਂ ਦਾਖਲੇ ਦੇ ਬਾਅਦ ਸ਼ੁਰੂ ਹੋ ਜਾਣਗੀਆਂ । ਟਾਈਮ ਟੇਬਲ ਸੰਬੰਧੀ ਨੋਟਿਸ ਬੋਰਡ ’ਤੇ ਸੂਚਿਤ ਕੀਤਾ ਜਾਵੇਗਾ। ਵਿਦਿਆਰਥੀ ਨੋਟਿਸ ਬੋਰਡ ਤੋਂ ਆਪਣੇ-ਆਪਣੇ ਵਿਸ਼ੇ ਦੇ ਪੀਰੀਅਡਾਂ ਦਾ ਸਮਾਂ, ਕਮਰਾ ਨੰਬਰ ਅਤੇ ਕਲਾਸ ਅਧਿਆਪਕ, ਪ੍ਰੋਫੈਸਰ ਇੰਚਾਰਜ ਦਾ ਨਾਮ ਨੋਟ ਕਰ ਲੈਣ ਅਤੇ ਰੈਗੂਲਰ ਪੀਰੀਅਡ ਲਗਾਉਣ। ਵਿਦਿਆਰਥੀ ਕਾਲਜ ਦਫ਼ਤਰ ਵੱਲੋਂ ਲਗਾਏ ਗਏ ਟਾਈਮ-ਟੇਬਲ ਅਨੁਸਾਰ ਹੀ ਨਿਸ਼ਚਿਤ ਕਮਰਿਆਂ ਅਤੇ ਨਿਸ਼ਚਿਤ ਕੀਤੇ ਗਏ ਸੈਕਸ਼ਨਾਂ ਅਨੁਸਾਰ ਕਲਾਸਾਂ ਲਗਾਉਣਗੇ। ਵਿਦਿਆਰਥੀਆਂ ਦੀ ਇਹ ਆਪਣੀ ਜ਼ਿੰਮੇਵਾਰੀ ਹੈ ਕਿ ਆਪਣੇ ਰੱਖੇ ਗਏ ਵਿਸ਼ੇ ਦੇ ਮੁਖੀ ਪ੍ਰੋਫੈਸਰ ਸਾਹਿਬਾਨ ਤੋਂ ਆਪਣੇ ਸੈਕਸ਼ਨ ਸੰਬੰਧੀ ਪਤਾ ਕਰਨ। ਆਪਣੀ ਮਰਜ਼ੀ ਨਾਲ ਲਗਾਈਆਂ ਗਈਆਂ ਕਲਾਸਾਂ ਦੇ ਲੈਕਚਰ ਨਹੀਂ ਗਿਣੇ ਜਾਣਗੇ।

## ਅੰਦਰੂਨੀ ਮੁਲਾਂਕਣ ਅਤੇ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਲਈ ਪਾਤਰਤਾ

ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆ ਪ੍ਰਣਾਲੀ ਦੇ ਕੋਰਸਾਂ ਵਿਚ ਪਹਿਲੇ ਸਮੈਸਟਰ ਵਿਚ ਘਰੇਲੂ ਪ੍ਰੀਖਿਆਵਾਂ ਅੰਦਰੂਨੀ ਮੁਲਾਕਣ ਲਈ ਲਈਆਂ ਜਾਣਗੀਆਂ। ਇਸੇ ਪ੍ਰਕਾਰ ਦੂਸਰੇ ਸਮੈਸਟਰ ਵਿਚ ਘਰੇਲੂ ਪ੍ਰੀਖਿਆਵਾਂ ਅੰਦਰੂਨੀ ਮੁਲਾਂਕਣ ਲਈ ਲਈਆਂ ਜਾਣਗੀਆਂ। ਇਸ ਤੋਂ ਇਲਾਵਾ ਹਰ ਸਮੈਸਟਰ ਵਿੱਚ ਅਸਾਈਨਮੈਂਟ/ਪ੍ਰੋਜੈਕਟ ਅਧਿਆਪਕ ਦੁਆਰਾ ਦਿੱਤੇ ਵਿਸ਼ੇ ਅਨੁਸਾਰ ਜਮ੍ਹਾਂ ਕਰਨੀ ਹੋਵੇਗੀ। ਅੰਦਰੂਨੀ ਮੁਲਾਂਕਣ ਵਿੱਚ ਘੱਟੋ-ਘੱਟ ਅੰਕ ਸਿਲੇਬਸ ਵਿਚ ਦਿੱਤੇ ਅੰਕਾਂ ਦੁਆਰਾ ਪ੍ਰਾਪਤ ਕਰਨੇ ਹੋਣਗੇ। ਪ੍ਰੀਖਿਆ ਵਿਚ ਬੈਠਣ ਲਈ ਵਿਦਿਆਰਥੀਆਂ ਨੂੰ 75% ਹਾਜ਼ਰੀਆਂ ਲਾਜ਼ਮੀ ਹਨ। ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਹਿਲੇ ਸਮੈਸਟਰ ਵਿੱਚ ਅਕਤੂਬਰ ਅਤੇ ਦੂਸਰੇ ਸਮੈਸਟਰ ਵਿੱਚ ਮਾਰਚ ਦੇ ਦੂਸਰੇ ਜਾ ਤੀਸਰੇ ਹਫਤੇ ਵਿੱਚ ਆਪਣੇ ਬੱਚਿਆ ਦੇ ਲੈਕਚਰ ਅਤੇ ਅੰਦਰੂਨੀ ਮੁਲਾਂਕਣ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾ ਪ੍ਰਾਪਤ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਲੈਕਚਰ ਘਾਟ ਆਦਿ ਦਾ ਪਤਾ ਲੱਗ ਸਕੇ।

## ਸ਼ਨਾਖਤੀ ਕਾਰਡ

ਸ਼ਨਾਖਤੀ ਕਾਰਡ ਹਰ ਰੋਜ਼ ਕਾਲਜ ਲਿਆਉਣਾ ਅਤੇ ਮੰਗਣ ’ਤੇ ਵਿਖਾਉਣਾ ਜਰੂਰੀ ਹੈ। ਜੇਕਰ ਕੋਈ ਵੀ ਵਿਦਿਆਰਥੀ ਬਿਨ੍ਹਾਂ ਸ਼ਨਾਖਤੀ ਕਾਰਡ ਤੋਂ ਜਾਂ ਅਧੂਰੇ ਸ਼ਨਾਖਤੀ ਕਾਰਡ ਨਾਲ ਪਕੜਿਆ ਜਾਂਦਾ ਹੈ ਤਾਂ ਉਸਨੂੰ ਜੁਰਮਾਨਾ ਕੀਤਾ ਜਾਵੇਗਾ। ਸ਼ਨਾਖਤੀ ਕਾਰਡ ਗੁੰਮ ਹੋ ਜਾਣ ’ਤੇ ਵਿਦਿਆਰਥੀ ਨੂੰ ਪੁਲਿਸ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਵਾਉਣੀ ਹੋਵੇਗੀ

ਅਤੇ ਪ੍ਰਿੰਸੀਪਲ ਦੀ ਆਗਿਆ ਨਾਲ ਨਿਰਧਾਰਤ ਫੀਸ ਭਰਨ ਉਪਰੰਤ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਸੰਭਾਲ ਕੇ ਰੱਖਣ ਅਤੇ ਹੇਠ ਲਿਖੇ ਕੰਮਾਂ ਲਈ ਲੋੜ ਪੈਣ ਤੇ ਦਿਖਾਉਣ:-

- ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵਜੋਂ
- ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ ਪ੍ਰੋਫੈਸਰ ਨੂੰ ਦਿਖਾਉਣ ਲਈ
- ਲਾਇਬਰੇਰੀ ਕਾਰਡ ਬਣਾਉਣ ਸਮੇਂ
- ਬੱਸ ਪਾਸ ਬਣਾਉਣ ਲਈ ਫਾਰਮ ਤਸਦੀਕ ਕਰਾਉਣ ਸਬੰਧੀ
- ਲਾਇਬਰੇਰੀ ਸਕਿਉਰਟੀ ਵਾਪਸ ਲੈਣ ਸਮੇਂ
- ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ
- ਦਫ਼ਤਰੀ ਕੰਮ ਲਈ ਪਹਿਚਾਣ ਵਜੋਂ
- ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਮੈਸਟਰ ਪ੍ਰੀਖਿਆਵਾਂ ਅਤੇ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰ ਵਿੱਚ ਆਪਣੀ ਪਹਿਚਾਣ ਦੀ ਪੁਸ਼ਟੀ ਲਈ।

## ਟਿਊਟੋਰੀਅਲ ਗਰੁੱਪ ਪ੍ਰਣਾਲੀ

- ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵ-ਪੱਖੀ ਉੱਨਤੀ ਦਾ ਧਿਆਨ ਰੱਖਦਾ ਹੈ।
- ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਹਰ ਵਿਦਿਆਰਥੀ ਲਈ ਸਮੇਂ-ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜਰੂਰੀ ਹੈ। ਗੈਰ-ਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
- ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
- ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿੱਦਿਅਕ ਉੱਨਤੀ ਰਿਪੋਰਟ ’ਤੇ ਟਿੱਪਣੀ ਵੀ ਕਰੇਗਾ।

## ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਇਸ ਪ੍ਰਣਾਲੀ ਤਹਿਤ ਪ੍ਰੋਫੈਸਰ ਸਾਹਿਬਾਨ ਵੱਖ-ਵੱਖ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਦੇ ਸ਼ਨਾਖਤੀ ਕਾਰਡ ਚੈੱਕ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਸਮੇਂ ਸਿਰ ਲਗਾਉਣ ਲਈ ਅਤੇ ਆਪਣੇ ਖਾਲੀ ਸਮੇਂ ਦਾ ਸਦ-ਉਪਯੋਗ ਕਰਨ ਲਈ ਪ੍ਰੇਰਿਤ ਕਰਦੇ ਹਨ।

## ਪੀ.ਟੀ.ਏ.

ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਮਾਪੇ ਅਧਿਆਪਕ ਐਸੋਸੀਏਸ਼ਨ ਕੰਮ ਕਰ ਰਹੀ ਹੈ। ਜਿਸ ਲਈ ਅਧਿਆਪਕ ਵਿਦਿਆਰਥੀ ਅਤੇ ਮਾਪੇ ਮਿਲ ਕੇ ਫੰਡ ਜਮ੍ਹਾਂ ਕਰਦੇ ਹਨ। ਇਹ ਫੰਡ ਵਿਦਿਆਰਥੀਆਂ ਦੀ ਭਲਾਈ ਅਤੇ ਸੰਸਥਾ ਦੀ ਬੇਹਤਰੀ

ਲਈ ਵਰਤਿਆ ਜਾਂਦਾ ਹੈ। ਪੀ.ਟੀ.ਏ. ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਿਚ ਯਤਨਸ਼ੀਲ ਹੈ।

### ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS)

ਕਾਲਜ ਵਿੱਚ ਹਾਇਰ ਐਜੁਕੇਸ਼ਨ ਇੰਸਟੀਚਿਊਟ ਸੋਸਾਇਟੀ ਕਾਰਜਸ਼ੀਲ ਹੈ। ਜਿਸਦੇ ਸਹਿਯੋਗ ਨਾਲ ਬੀ.ਸੀ.ਏ., ਐਮਐਸਸੀ IT ਤੇ ਪੀਜੀਡੀਸੀਏ ਕੋਰਸ ਨੂੰ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ। ਇਸ ਦਾ ਮੰਤਵ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਦੇ ਕੇ ਆਧੁਨਿਕ ਸੂਚਨਾ ਯੁੱਗ ਦੇ ਹਾਣ ਦਾ ਬਣਾਉਣਾ ਹੈ।

## ਕੈਰੀਅਰ ਗਾਇਡੈਂਸ ਅਤੇ ਕਾਊਂਸਲਿੰਗ ਸੈੱਲ, ਐਂਟੀਰੈਗਿੰਗ ਅਤੇ ਸ਼ਿਕਾਇਤ ਨਿਵਾਰਨ ਸੈੱਲ, ਕਾਲਜ ਕੰਟੀਨ, ਬਿਜਲੀ ਜਨਰੇਟਰ, ਪਾਰਕਿੰਗ ਦੀ ਸਹੂਲਤ, ਬੱਸ ਪਾਸ

### ਭਾਈ ਵੀਰ ਸਿੰਘ ਲਾਇਬ੍ਰੇਰੀ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀ ਹੈ। ਇਸ ਲਾਇਬ੍ਰੇਰੀ ਵਿੱਚ 11,000 ਦੇ ਕਰੀਬ ਪੁਸਤਕਾਂ, ਰਸਾਲੇ, ਕੋਸ਼ ਅਤੇ ਹੋਰ ਦੁਰਲੱਭ ਦਸਤਾਵੇਜ਼ ਮੌਜੂਦ ਹਨ।

**ਲਾਇਬ੍ਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ:-**

1. ਕਾਲਜ ਦੇ ਵਿਦਿਆਰਥੀ ਨੂੰ ਇੱਕ ਸਮੇਂ 2 ਪੁਸਤਕਾਂ ਜਾਰੀ ਹੋ ਸਕਦੀਆਂ ਹਨ।
2. ਇਕ ਪੁਸਤਕ 14 ਦਿਨਾਂ ਲਈ ਜਾਰੀ ਕੀਤੀ ਜਾਵੇਗੀ। ਇਸ ਤੋਂ ਵੱਧ ਦਿਨ ਰੱਖੀ ਪੁਸਤਕ ਲਈ 50 ਪੈਸੇ ਪ੍ਰਤੀ ਦਿਨ ਜੁਰਮਾਨਾ ਕੀਤਾ ਜਾਵੇਗਾ।
3. ਵਿਦਿਆਰਥੀਆਂ ਵੱਲੋਂ ਲਾਇਬ੍ਰੇਰੀ ਕਿਤਾਬਾਂ ਗੁੰਮ ਹੋ ਜਾਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ ਜਾਂ ਉਹੀ ਕਿਤਾਬ ਲਿਆ ਕੇ ਦੇਣੀ ਪਵੇਗੀ। ਕਿਤਾਬ ਦੇ ਕਿਸੇ ਇੱਕ ਸੈਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਇਸ ਸਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
4. ਲਾਇਬ੍ਰੇਰੀ ਖੁੱਲ੍ਹਣ ਦਾ ਸਮਾਂ, ਕਾਲਜ ਖੁੱਲ੍ਹਣ ਦੇ ਸਮੇਂ ਅਨੁਸਾਰ ਹੀ ਹੋਵੇਗਾ।
5. ਲਾਇਬ੍ਰੇਰੀ ਦੀ ਅਧਿਐਨਸ਼ਾਲਾ ਵਿੱਚ ਚੁੱਪ ਦੀ ਮਰਿਆਦਾ ਕਾਇਮ ਰੱਖਣੀ ਅਤਿ ਜਰੂਰੀ ਹੈ। ਮਰਿਆਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਲਾਇਬ੍ਰੇਰੀਅਨ, ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ।
6. ਵਿਦਿਆਰਥੀਆਂ ਨੂੰ ਸਾਲਾਨਾ/ਸਮੈਸਟਰ ਯੂਨੀਵਰਸਿਟੀ ਇਮਤਿਹਾਨ ਦੇ ਰੋਲ ਨੰਬਰ ਦੇਣ ਸਮੇਂ ਲਾਇਬ੍ਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਹੋਣਗੀਆਂ।
7. ਲਾਇਬ੍ਰੇਰੀ ਤੋਂ 'ਨੋ ਡਿਊਜ਼ ਲੈਣ ਸਮੇਂ ਲਾਇਬ੍ਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਵੇਗਾ, ਪਰ ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ। ਕਿਉਂਕਿ ਇਸ ਕਾਰਡ ਤੋਂ ਬਿਨਾਂ ਕਾਲਜ ਮੈਗਜ਼ੀਨ, ਲਾਇਬ੍ਰੇਰੀ ਸਕਿਉਰਟੀ ਅਤੇ ਯੂਨੀਵਰਸਿਟੀ ਦੇ ਡਿਟੇਲ ਮਾਰਕਸ ਕਾਰਡ ਆਦਿ ਨਹੀਂ ਦਿੱਤੇ ਜਾਣਗੇ।

8. ਕਾਲਜ ਲਾਇਬ੍ਰੇਰੀ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਕਾਮਰਸ, ਖੇਤੀਬਾੜੀ ਅਤੇ ਹੋਰ ਵਿਸ਼ਿਆਂ ਨਾਲ ਸੰਬੰਧਿਤ ਰਸਾਲੇ/ਮੈਗਜ਼ੀਨ ਉਪਬੱਬਧ ਹਨ। ਕੋਈ ਵੀ ਰਸਾਲਾ/ਮੈਗਜ਼ੀਨ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਜਾਵੇਗਾ।

### ਕਾਲਜ ਕੰਟੀਨ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਕੰਟੀਨ ਦਾ ਵੀ ਪ੍ਰਬੰਧ ਹੈ। ਜਿਸ ਵਿੱਚ ਉਚਿਤ ਰੇਟਾਂ 'ਤੇ ਖਾਣ-ਪੀਣ ਦੀਆਂ ਵਸਤਾਂ ਉਪਲਬਧ ਹਨ। ਕੰਟੀਨ ਨੂੰ ਸਾਫ ਸੁਥਰਾ ਰੱਖਣਾ, ਸ਼ੋਰ ਨਾ ਕਰਨਾ, ਉਚਿਤ ਢੰਗ ਨਾਲ ਬੈਠਣਾ, ਲੜਾਈ ਨਾ ਕਰਨਾ ਵਿਦਿਆਰਥੀਆਂ ਦੇ ਆਪਣੇ ਹਿੱਤ ਵਿੱਚ ਹੈ। ਅਨੁਸ਼ਾਸਨ ਭੰਗ ਕਰਨ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

### ਬਿਜਲੀ /ਜੈਨਰੇਟਰ ਦੀ ਸਹੂਲਤ

ਕਾਲਜ ਦੇ ਵਿਦਿਆਰਥੀਆਂ ਦੀ ਸੁਵਿਧਾ ਲਈ ਕਾਲਜ ਕੈਂਪਸ ਵਿਖੇ ਜੈਨਰੇਟਰ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਆਮ ਦਿਨਾਂ ਅਤੇ ਪ੍ਰੀਖਿਆਵ ਦੌਰਾਨ ਬਿਜਲੀ ਨਾ ਹੋਣ ਦੀ ਸੂਰਤ ਵਿੱਚ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ । ਇਸ ਸਹੂਲਤ ਨਾਲ ਦਫਤਰੀ ਕੰਮ ਕਾਜ ਵੀ ਲਗਾਤਾਰ ਜਾਰੀ ਰਹਿੰਦਾ ਹੈ।

### ਪਾਰਕਿੰਗ ਦੀ ਸਹੂਲਤ

ਵਿਦਿਆਰਥੀਆਂ ਦੇ ਵਹੀਕਲਾਂ ਲਈ ਪਾਰਕਿੰਗ ਦਾ ਖਾਸ ਪ੍ਰਬੰਧ ਹੈ। ਪਾਰਕਿੰਗ ਦੇ ਇੰਚਾਰਜ ਅਧਿਕਾਰੀ ਵੱਲੋਂ ਅਚਾਨਕ ਚੈਕਿੰਗ ਕੀਤੀ ਜਾਂਦੀ ਹੈ। ਜੇ ਇਸ ਦੌਰਾਨ ਵਿਦਿਆਰਥੀਆਂ ਦੇ ਵਾਹਨ ਪਾਰਕਿੰਗ ਤੋਂ ਬਾਹਰ ਖੜ੍ਹੇ ਮਿਲਣ ਤਾਂ ਵਿਸ਼ੇਸ਼ ਜੁਰਮਾਨਾ ਕੀਤਾ ਜਾ ਸਕਦਾ ਹੈ।

### ਬੱਸ ਪਾਸ

ਕਾਲਜ ਵੱਲੋਂ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਨਿਯਮਾਂ ਮੁਤਾਬਕ ਵਿਦਿਆਰਥੀਆਂ ਨੂੰ ਬੱਸ ਪਾਸ ਬਣਾਉਣ ਦੀ ਸਹੂਲਤ ਦਿੱਤੀ ਜਾਂਦੀ ਹੈ। ਇਸ ਸਬੰਧੀ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਪਹਿਲਾਂ ਕਾਰਵਾਈ ਕਰਨੀ ਲਾਜ਼ਮੀ ਹੈ।

## ਸਹਿ-ਵਿੱਦਿਅਕ ਗਤੀਵਿਧੀਆਂ

## (ਖੇਡਾਂ, ਐਨ.ਐਸ.ਐਸ., ਵਿਦਿਆਰਥੀ ਸਭਾਵਾਂ, ਕਾਲਜ ਮੈਗਜ਼ੀਨ ਕੁਕਨਸ, ਰੈੱਡ ਕਰਾਸ ਸੁਸਾਇਟੀ, ਪੋਸਟ ਮੈਟ੍ਰਿਕ ਸਕੌਲਰਸ਼ਿਪ ਸੈੱਲ, ਐਕੁਇਟੀ ਸੈੱਲ, ਗ੍ਰੀਨ ਕੈਂਪਸ ਕਮੇਟੀ)

### ਐਨ.ਐਸ.ਐਸ. (ਰਾਸ਼ਟਰੀ ਸੇਵਾ ਯੋਜਨਾ)

ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵ-ਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦਾ ਵਿਭਾਗ ਸਥਾਪਿਤ ਕੀਤਾ ਹੋਇਆ ਹੈ ਜੋ ਉਨ੍ਹਾਂ ਵਿੱਚ ਨਿਮਰਤਾ, ਹਿੰਮਤ, ਸੇਵਾ ਲਗਨ ਅਤੇ ਸਹਿਯੋਗ ਜਿਹੇ ਮਾਨਵੀ ਗੁਣਾਂ ਦਾ ਨਿਰਮਾਣ ਕਰਕੇ ਸਮਾਜਿਕ ਬੁਰਾਈਆਂ ਵਿਰੁੱਧ ਚੇਤਨਤਾ ਪੈਦਾ ਕਰਦਾ ਹੈ ਅਤੇ ਆਦਰਸ਼

ਨਾਗਰਿਕ ਬਨਣ ਦੀ ਪ੍ਰੇਰਨਾ ਦਿੰਦਾ ਹੈ। ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ ਪੰਜ ਯੂਨਿਟ ਹਨ (3 ਯੂਨਿਟ ਲੜਕਿਆਂ ਦੇ ਅਤੇ 2 ਲੜਕੀਆਂ) ਹਰ ਯੂਨਿਟ ਵਿੱਚ ਵਿਦਿਆਰਥੀਆਂ ਦੀ ਗਿਣਤੀ 100 ਹੈ। ਕੌਮੀ ਸੇਵਾ ਯੋਜਨਾ ਦੁਆਰਾ ਪੂਰੇ ਸੈਸ਼ਨ ਦੌਰਾਨ ਕੈਂਪ, ਸੈਮੀਨਾਰ, ਜਾਗਰੂਕਤਾ ਰੈਲੀਆਂ ਅਤੇ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ । ਵਿਦਿਆਰਥੀ ਐਨ.ਐਸ. ਐਸ. ਵਲੰਟੀਅਰ ਲਈ ਭਰਤੀ ਫਾਰਮ ਭਰਕੇ ਭਾਗ ਲੈ ਸਕਦੇ ਹਨ।

## ਰੈੱਡ ਕਰਾਸ ਯੂਨਿਟ

ਕਾਲਜ ਵਿੱਚ ਇੱਕ ਰੈਡ-ਕਰਾਸ ਯੂਨਿਟ ਸਥਾਪਿਤ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਸਮਾਜ ਤੇ ਕੌਮੀ ਸੇਵਾ ਦੀ ਲਗਨ ਤੇ ਮਹਾਨਤਾ ਨਾਲ ਸਬੰਧਿਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਆਪਣੀ ਸ਼ਖ਼ਸੀਅਤ ਦੇ ਨਿਖਾਰ ਤੇ ਵਿਕਾਸ ਲਈ ਵੀ ਅਵਸਰ ਮਿਲਦੇ ਹਨ।

## ਖੇਡ ਸੁਵਿਧਾਵਾਂ

ਕਾਲਜ ਵਿੱਚ ਹਾਕੀ, ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਬਾਸਕਟ-ਬਾਲ, ਵਾਲੀਬਾਲ, ਲਾਅਨ ਟੈਨਿਸ, ਕਬੱਡੀ, ਚੈਸ, ਬਾਕਸਿੰਗ, ਪਾਵਰ ਲਿਫਟਿੰਗ ਅਤੇ ਰੈਸਲਿੰਗ ਆਦਿ ਖੇਡਾਂ ਲਈ ਗਰਾਂਊਂਡ ਉਪਲੱਬਧ ਹਨ । ਖੇਡਾਂ ਲਈ ਯੋਗ ਅਗਵਾਈ ਲਈ ਲੜਕੇ ਲੜਕੀਆਂ ਦੋਵੇਂ ਸਰੀਰਿਕ ਸਿੱਖਿਆ ਵਿਭਾਗ ਦੇ ਮੁੱਖੀ ਨਾਲ ਸੰਪਰਕ ਕਰ ਸਕਦੇ ਹਨ ।

## ਵਿਦਿਆਰਥੀ ਸਭਾਵਾਂ

ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਸਹਿ-ਵਿਦਿੱਅਕ ਸਰਗਰਮੀਆਂ ਲਈ ਵੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਪੰਜਾਬੀ ਸਾਹਿਤ ਸਭਾ, ਹਿੰਦੀ ਸਾਹਿਤ, ਪੋਲੀਟੀਕਲ ਸਾਇੰਸ ਐਸੋਸੀਏਸ਼ਨ, ਮਨੋਵਿਗਿਆਨ ਸੋਸਾਇਟੀ, ਹਿਸਟਰੀ ਸੁਸਾਇਟੀ, ਇਕਨਾਮਿਕਸ ਸੁਸਾਇਟੀ, ਭੂਗੋਲ ਸੁਸਾਇਟੀ ਆਦਿ ਸਥਾਪਿਤ ਕੀਤੀਆਂ ਗਈਆਂ ਹਨ ।

## ਕਾਲਜ ਮੈਗਜ਼ੀਨ "ਕੁਕਨਸ:

ਵਿਦਿਆਰਥੀਆਂ ਵਿੱਚ ਰੁਚਨਾਤਮਿਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਕੁਕਨਸ'ਕਾਲਜ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਸ਼ੋਸ਼ਲ ਸਾਇੰਸ ਅਤੇ ਕਾਲਜ ਦਰਪਣ ਦੇ ਸੈਕਸ਼ਨ ਹੁੰਦੇ ਹਨ । ਹਰ ਸੈਕਸ਼ਨ ਦੇ ਸੰਪਾਦਕ ਦਾ ਕੰਮ ਇੱਕ ਪ੍ਰੋਫੈਸਰ ਇੰਚਾਰਜ ਨੂੰ ਸੌਂਪਿਆ ਜਾਂਦਾ ਹੈ। ਜੋ ਅੱਗੇ ਆਪਣੀ ਸਹਾਇਤਾ ਲਈ ਇੱਕ ਵਿਦਿਆਰਥੀ ਸੰਪਾਦਕ ਦੀ ਚੋਣ ਕਰਦੇ ਹਨ।

## ਰੈਡ ਕਰਾਸ ਸੁਸਾਇਟੀ:

ਕਾਲਜ ਵਿੱਚ ਰੈਡ ਕਰਾਸ ਸੁਸਾਇਟੀ ਬਣੀ ਹੋਈ ਹੈ। ਵਿਦਿਆਰਥੀ ਇਸ ਦੇ ਮੈਂਬਰ ਬਣ ਕੇ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲੈ ਸਕਦੇ ਹਨ । ਇਸ ਲਈ ਰੈੱਡ ਕਰਾਸ ਪ੍ਰੋਫੈਸਰ ਇੰਚਾਰਜ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਹੱਤਵਪੂਰਨ ਯੂਨਿਟ ਅਤੇ ਕਮੇਟੀਆਂ

## ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ

ਇਸ ਦਾ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰੋਜ਼ਗਾਰ ਵਸੀਲਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਹਨਾਂ ਨੂੰ ਆਪਣੇ ਕੈਰੀਅਰ ਦੀ ਵਿਉਂਤਬੰਦੀ ਪ੍ਰਕੀਰਿਆ ਵਿੱਚ ਸਹਾਇਤਾ ਕਰਨਾ ਹੈ। ਇਸ ਕੇਂਦਰ ਵਿੱਚ ਵਿਭਿੰਨ ਪ੍ਰਕਾਰ ਦੇ ਰੋਜ਼ਗਾਰ-ਕਿੱਤਿਆਂ, ਵਿਭਿੰਨ ਪ੍ਰਕਾਰ ਦੀਆਂ ਵਿੱਦਿਅਕ ਸਿਖਲਾਈ ਦੀਆਂ ਸਹੂਲਤਾਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਸਵੈ-ਰੋਜ਼ਗਾਰ ਦੇ ਵਸੀਲਿਆਂ ਨਾਲ ਸੰਬੰਧਿਤ ਸਾਹਿਤ ਪ੍ਰਦਰਸ਼ਤ ਕੀਤਾ ਜਾਂਦਾ ਹੈ।

## ਐਂਟੀ ਰੈਗਿੰਗ ਸੈਲ

ਇਹ ਸੰਸਥਾ ਭਾਰਤ ਦੀਆਂ ਉਹਨਾਂ ਸੰਸਥਾਵਾਂ ਵਿਚੋਂ ਇਕ ਹੈ ਜਿਥੇ ਵਿਦਿਆਰਥੀਆਂ ਦੀ ਰੈਗਿੰਗ ਕਰਨ ਦੀ ਸਖਤ ਮਨਾਹੀ ਹੈ। ਇਸ ਸਬੰਧੀ ਉਦੇ ਪੰਧਰੀ ਕਮੇਟੀ ਗਠਿਤ ਕੀਤੀ ਹੋਈ ਹੈ। ਜੇਕਰ ਕੋਈ ਵਿਦਿਆਰਥੀ ਜੂਨੀਅਰ ਵਿਦਿਆਰਥੀਆਂ ਦੀ ਰੈਗਿੰਗ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ । ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਇਹ ਇਕ ਅਪਰਾਧਿਕ ਮਾਮਲਾ ਹੈ। ਪੀੜਤ ਵਿਦਿਆਰਥੀ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦਾ ਹੈ।

## ਐਂਟੀ ਸੈਕਸੁਅਲ ਹੈਰਾਸਮੈਂਟ ਸੈੱਲ

ਵਿਦਿਆਰਥੀਆਂ ਅਤੇ ਸਟਾਫ਼ ਮੈਂਬਰ ਨੂੰ ਜਿਨਸੀ ਉਤਪੀੜਨ ਦੇ ਸਬੰਧ ਵਿੱਚ ਕੋਈ ਵੀ ਸਮਸਿਆ ਆਉਂਦੀ ਹੈ ਤਾਂ ਇਸ ਸਬੰਧੀ ਇਕ ਉਚ ਪੱਧਰੀ ਕਮੇਟੀ ਗਠਿਤ ਕੀਤੀ ਹੋਈ ਹੈ। ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ । ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਇਹ ਇਕ ਅਪਰਾਧਿਕ ਮਾਮਲਾ ਹੈ। ਪੀੜਤ ਵਿਦਿਆਰਥੀ/ਸਟਾਫ਼ ਮੈਂਬਰ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦਾ ਹੈ।

## ਪਲੇਸਮੈਂਟ ਸੈੱਲ (Placement Cell)

ਕਾਲਜ ਦੇ ਵਿਦਿਆਰਥੀਆਂ ਨੂੰ ਰੋਜਗਾਰ ਮੁਹੱਈਆ ਕਰਾਉਣ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਕਾਸ ਸੰਬੰਧੀ ਸੇਧ ਦੇਣ ਲਈ ਕਾਲਜ ਵਿਖੇ ਇੱਕ ਪਲੇਸਮੈਂਟ ਸੈਲ ਹੈ। ਇਹ ਸੈੱਲ ਵਿਦਿਆਰਥੀਆਂ ਨੂੰ ਕਰੀਅਰ ਸਬੰਧੀ ਯੋਗ ਅਗਵਾਈ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸਮੇਂ-ਸਮੇਂ ਸਿਰ ਵੱਖੋ-ਵੱਖਰੀਆਂ ਕੰਪਨੀਆਂ ਨਾਲ ਇੰਟਰਵਿਊ ਵੀ ਆਯੋਜਿਤ ਕਰਵਾਉਂਦਾ ਹੈ।

## ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ (IQAC)

ਕਾਲਜ ਪ੍ਰਸ਼ਾਸਨ, ਵਿਦਿਆਰਥੀ ਸਹੂਲਤਾਂ, ਕਾਲਜ ਵਿਕਾਸ ਅਤੇ ਅਕਾਦਮਿਕ ਪੱਧਰ ਦੀ ਗੁਣਵੰਤਾ ਨੂੰ ਬਣਾਈ ਰੱਖਣ ਅਤੇ ਨਿਰੀਖਣ ਕਰਨ ਲਈ ਕਾਲਜ ਵਿਖੇ 20/08/2005 ਨੂੰ ਆਈ.ਕਿਉਂ.ਏ.ਸੀ. ਸੈੱਲ ਸਥਾਪਿਤ ਕੀਤਾ ਗਿਆ। ਭਾਰਤ ਵਿੱਚ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਨੂੰ ਰਾਸ਼ਟਰੀ ਮੁਲਾਕਣ ਅਤੇ ਮਾਨਤਾ ਪਰਿਸ਼ਦ (NAAC) ਦੁਆਰਾ ਮਾਨਤਾ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਹਰ ਪੰਜ ਸਾਲ ਬਾਅਦ ਇਹਨਾਂ ਸੰਸਥਾਵਾਂ ਦੀ ਅਕਾਦਮਿਕ ਕਾਰਗੁਜਾਰੀ ਦਾ ਮੁਲਾਂਕਣ ਕੀਤਾ ਜਾਂਦਾ ਹੈ। ਮੁਲਾਂਕਣ ਜਾਂ ਮਾਨਤਾ ਪ੍ਰਦਾਨ ਕਰਨ ਉਪਰੰਤ ਵਿੱਦਿਅਕ ਗੁਣਵੱਤਾ ਦਾ ਮਿਆਰ ਕਾਇਮ ਰੱਖਣ ਲਈ, NAAC ਦੀਆਂ

ਹਦਾਇਤਾਂ ਮੁਤਾਬਿਕ ਸੰਸਥਾ ਵਿਖੇ ਜੁਝ ਗਠਿਤ ਕੀਤਾ ਜਾਂਦਾ ਹੈ। IQAC ਦੇ ਮੁੱਖ ਤੌਰ 'ਤੇ ਕੰਮ ਸੰਸਥਾ ਵਿੱਚ ਵਿਦਿਅਕ ਗੁਣਵੰਤਾ ਬਣਾਏ ਰੱਖਣ ਲਈ ਉਪਰਾਲੇ ਕਰਨਾ, ਯੋਜਨਾਵਾਂ ਬਣਾਉਣੀਆਂ ਅਤੇ ਉਨ੍ਹਾਂ ਨੂੰ ਲਾਗੂ ਕਰਨਾ, ਸੰਸਥਾ ਦੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਕਾਰਗੁਜ਼ਾਰੀ ਦਾ ਸਾਲਾਨਾ ਮੁਲਾਂਕਣ ਕਰਦੇ ਰਹਿਣਾ ਅਤੇ ਇਸ ਦੀ ਸਾਲਾਨਾ ਰਿਪੋਰਟ NAAC ਨੂੰ ਭੇਜਣਾ ਆਦਿ ਹਨ। ਸਾਲ 2024-25 ਵਿੱਚ ਵੀ IQAC ਵੱਲੋਂ ਅਕਾਦਮਿਕ ਸੈਮੀਨਾਰਾਂ, ਵਿਸ਼ੇਸ਼ ਭਾਸ਼ਣਾਂ ਵਿਦਿਆਰਥੀਆਂ ਲਈ ਵਿਦਿਅਕ ਮੁਕਾਬਲਿਆਂ, ਵਿਦਿਅਕ ਦੌਰਿਆਂ, ਕਾਲਜ ਦੀਆਂ ਅਕਾਦਮਿਕ ਗਤੀਵਿਧੀਆਂ ਦਾ ਮੁਲਾਂਕਣ ਆਦਿ ਵਰਗੇ ਕਾਰਜ ਕੀਤੇ ਗਏ ਹਨ। ਵਰਤਮਾਨ ਸਮੇਂ ਵਿੱਚ ਇਹ ਸੈੱਲ ਕਾਲਜ ਦੇ ਪ੍ਰਿੰਸੀਪਲ ਡਾ. ਪੂਜਾ ਭੱਲਾ (P.E.S.-I) ਦੀ ਸਰਪ੍ਰਸਤੀ ਹੇਠ ਕੰਮ ਕਰ ਰਿਹਾ ਹੈ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸੈੱਲ

ਕੇਂਦਰ ਸਰਕਾਰ ਵੱਲੋਂ ਅਨਸੂਚਿਤ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਸਿੱਖਿਆ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਚਲਾਈ ਜਾਂਦੀ ਹੈ. ਇਸ ਅਧੀਨ ਸਬੰਧਿਤ ਵਿਦਿਆਰਥੀਆਂ ਨੂੰ ਵਜ਼ੀਫ਼ੇ ਜਾਰੀ ਕੀਤੇ ਜਾਂਦੇ ਹਨ। ਇਸ ਸਕੀਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਕਾਲਜ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸੈੱਲ ਹੈ. ਸਬੰਧਿਤ ਵਿਦਿਆਰਥੀ ਵਜ਼ੀਫ਼ੇ ਬਾਬਤ ਇਸ ਨਾਲ ਸੰਪਰਕ ਕਰ ਸਕਦੇ ਹਨ।

## ਮੈਂਟਲ ਹੈਲਥ ਮੈਨੇਜਮੈਂਟ ਸੈੱਲ

ਵਿਦਿਆਰਥੀਆਂ ਅਤੇ ਕਾਲਜ ਸਟਾਫ ਦੀ ਮਾਨਸਿਕ ਤੰਦਰੁਸਤੀ ਦੇ ਮੱਦੇਨਜ਼ਰ ਕਾਲਜ ਵੱਲੋਂ ਵਿਸ਼ੇਸ਼ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ. ਇਸ ਮੰਤਵ ਦੀ ਪੂਰਤੀ ਹਿੱਤ ਕਾਲਜ ਵਿੱਚ ਮੈਂਟਲ ਹੈਲਥ ਮੈਨੇਜਮੈਂਟ ਸੈੱਲ ਕਾਰਜਸ਼ੀਲ ਹੈ ਜਿਸ ਦਾ ਉਦੇਸ਼ ਵਰਕਸ਼ਾਪ, ਲੈਕਚਰ, ਕਾਊਂਸਲਿੰਗ ਸ਼ੈਸ਼ਨ ਰੱਖਣਾ ਹੈ.

## ਵਜੀਫ਼ੇ ਅਤੇ ਵਿੱਤੀ ਸਹਾਇਤਾ

ਕਾਲਜ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਲਈ ਭਾਰਤ ਸਰਕਾਰ/ ਪੰਜਾਬ ਸਰਕਾਰ/ ਯੂਨੀਵਰਸਿਟੀ ਵੱਲੋਂ ਵਜੀਫੇ ਤੇ ਵਿੱਤੀ ਸਹਾਇਤਾ ਦੇਣ ਦਾ ਪ੍ਰਬੰਧ ਹੈ, ਸਰਕਾਰ ਵੱਲੋਂ ਜਾਣਕਾਰੀ ਪ੍ਰਾਪਤ ਹੋਣ ਸਮੇਂ ਸਮੇਂ ਤੇ ਵਿਦਿਆਰਥੀਆਂ ਨੂੰ ਇਹਨਾਂ ਦੀਆਂ ਸ਼ਰਤਾਂ ਅਤੇ ਬਿਨੈ-ਪੱਤਰ ਦੇਣ ਸਬੰਧੀ ਜਾਣਕਾਰੀ ਨੂੰ ਕਾਲਜ ਨੋਟਿਸ ਬੋਰਡ ਤੇ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜੀਫੇ ਪ੍ਰਾਪਤ ਕਰ ਸਕਦੇ ਹਨ, ਬਸ਼ਰਤੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ। (ਹਵਾਲਾ: ਸੰਯੁਕਤ ਸਕੱਤਰ ਭਲਾਈ, ਪੰਜਾਬ ਸਰਕਾਰ, ਭਲਾਈ ਵਿਭਾਗ (*ਭਲਾਈ ਸੈਲ ਨਾਨ ਪਲਾਨ) ਦਾ ਦਫਤਰ ਪੱਤਰ ਨੰਬਰ 3/74/07-ਐਸ.ਏ -11/2244-2249 ਮਿਤੀ ਚੰਡੀਗੜ੍ਹ 11-7-2007, ਹਵਾਲਾ ਸਪੈਸ਼ਲ ਸਕੱਤਰ ਵੈਲਫੇਅਰ (ਪੰਜਾਬ ਸਰਕਾਰ) ਪੱਤਰ ਨੰ: 295-348 ਮਿਤੀ 210-5-2018 ਚੰਡੀਗੜ੍ਹ*)। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਤੋਂ ਤੁਰੰਤ ਬਾਅਦ ਵਜੀਫਾ ਫਾਰਮ ਮੁਕੰਮਲ ਕਰਕੇ ਦੇਣਗੇ। ਜੇਕਰ ਵਜੀਫਾ ਨਹੀਂ ਲੈਣਾ ਜਾਂ ਵਜੀਫੇ ਲਈ ਅਯੋਗ ਹੋਣ, ਤਾਂ ਇਸ ਬਾਰੇ ਪੂਰੀ ਸੂਚਨਾ ਦਫਤਰ ਵਿੱਚ ਦੇਣਗੇ ਅਤੇ ਬਣਦੀ ਫੀਸ ਜਮਾਂ ਕਰਵਾਉਣਗੇ। ਸਕਾਲਰਸ਼ਿਪ ਲੈਣ ਲਈ ਵਿਦਿਆਰਥੀ ਦਾ ਆਪਣਾ ਬੈਂਕ ਖਾਤਾ ਨੰਬਰ ਅਤੇ ਆਧਾਰ ਕਾਰਡ ਹੋਣਾ ਅਤਿ ਜ਼ਰੂਰੀ ਹਨ।

**ਵਜ਼ੀਫਾ ਅਪਲਾਈ ਕਰਨ ਦੇ ਪੜਾਅ**

1). http://www.scholarships punjab.gov.in/ ਇਸ ਵੈਬਸਾਈਟ 'ਤੇ ਜਾ ਕੇ ਫ੍ਰੀ-ਸ਼ਿਪ ਕਾਰਡ ਅਪਲਾਈ ਕਰਨਾ ਹੈ।

2). ਪੁਰਾਣਾ ਐਪਲੀਕੇਸ਼ਨ ਨੰਬਰ ਅਤੇ ਪਾਸਵਰਡ ਵਰਤਦੇ ਹੋਏ ਲੋਗਿਨ ਕਰਨਾ ਹੈ।

3). Apply Freeship Card 'ਤੇ ਕਲਿਕ ਕਰਨਾ ਹੈ।

4). ਵੇਰਵੇ ਭਰ ਕੇ ਆਪਣੇ ਦਸਤਾਵੇਜ਼ ਅਪਲੋਡ ਕਰਨੇ ਹਨ।

5). ਅਰਜ਼ੀ ਸਬਮਿਟ ਕਰਨ ਤੋਂ ਬਾਅਦ ਫ੍ਰੀ-ਸ਼ਿਪ ਕਾਰਡ ਜਰਨੇਟ ਕਰਨ ਹੈ।

6). ਦਾਖਲਾ ਹੋਣ ਤੋਂ ਬਾਅਦ ਫ੍ਰੀ-ਸ਼ਿਪ ਕਾਰਡ ਦੀ ਕਾਪੀ, ਐਪਲੀਕੇਸ਼ਨ ਫਾਰਮ, ਜਾਤੀ ਸਰਟੀਫਿਕੇਟ, ਪੰਜਾਬ ਦੇ ਵਸਨੀਕ ਦਾ ਸਰਟੀਫਿਕੇਟ, ਵਿੱਤੀ ਵਰ੍ਹੇ ਦਾ ਆਮਦਨ ਦਾ ਸਰਟੀਫਿਕੇਟ ਤੇ ਹੋਰ ਦਸਤਾਵੇਜ਼ ਕਾਲਜ ਦੇ ਦਫ਼ਤਰ ਵਿੱਚ ਵਜ਼ੀਫਾ ਕਲਰਕ ਕੋਲ ਜਮ੍ਹਾਂ ਕਰਾਉਣੇ ਹਨ।

**ਇਸ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਮਿਲ ਸਕਦਾ ਹੈ, ਜਿਹੜੇ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ :**

1) ਸਵੈ-ਰੁਜਾਗਰ ਮਾਤਾ/ਪਿਤਾ/ਸਰਪ੍ਰਸਤ ਜੁਡੀਸ਼ੀਅਲ ਸਟੈਂਪ ਪੇਪਰ ਦੇ ਉਤੇ 2.5 ਲੱਖ ਤੇ ਘੱਟ ਆਮਦਨ ਦਾ ਹਲਫੀਆ ਬਿਆਨ ਦੇਣਾ ਹੋਵੇਗਾ ਅਤੇ ਨੌਕਰੀ ਕਰ ਰਹੇ ਮਾਤਾ- ਪਿਤਾ/ਸਰਪ੍ਰਸਤ ਨੂੰ ਨਾਨ-ਜੁਡੀਸ਼ੀਅਲ ਪੇਪਰ ਉਤੇ ਹਲਫੀਆ ਬਿਆਨ ਦੇਣਾ ਹੋਵੇਗਾ ਅਤੇ ਆਪਣੇ ਐਮਪਲਾਇਅਰ ਤੋਂ ਆਮਦਨ ਦਾ ਸਰਟੀਫਿਕੇਟ ਦੇਣਾ ਹੋਵੇਗਾ।

2) ਵਿਦਿਆਰਥੀਆਂ ਤੋਂ ਦਾਖਲੇ ਸਮੇਂ ਜਾਤੀ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਅਤੇ ਪੰਜਾਬ ਰਾਜ ਦਾ ਵਸਨੀਕ ਹੋਣ ਸਬੰਧੀ ਸਬੂਤ ਲਿਆ ਜਾਵੇਗਾ।

3) ਆਪਣੇ ਵਜ਼ੀਫੇ ਫਾਰਮ 'ਚ ਬੈਂਕ ਦਾ ਨਾਮ, IFSC ਕੋਡ, ਆਨਲਾਈਨ ਬੈਂਕ ਦਾ ਖਾਤਾ ਨੰਬਰ, ਆਧਾਰ ਕਾਰਡ ਦਾ ਨੰਬਰ ਜਰੂਰ ਦਿੱਤਾ ਹੋਵੇ।

4) ਦਾਖਲੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਹਨਾਂ ਵਿਦਿਆਰਥੀਆਂ ਦੇ ਅਧਾਰ ਕਾਰਡ 'ਤੇ ਜਨਮ ਮਿਤੀ ਦਸਵੀਂ ਦੇ ਸਰਟੀਫਿਕੇਟ ਨਾਲੋਂ ਵੱਖ ਹੈ ਤਾਂ ਅਧਾਰ ਕਾਰਡ 'ਤੇ ਜਨਮ ਮਿਤੀ ਦਸਵੀਂ ਦੇ ਸਰਟੀਫਿਕੇਟ ਦੇ ਅਨੁਸਾਰ ਕਰਵਾਈ ਜਾਵੇ। ਅਧਾਰ ਕਾਰਡ 'ਤੇ ਵਿਦਿਆਰਥੀ ਅਤੇ ਮਾਤਾ-ਪਿਤਾ ਦੇ ਨਾਵਾਂ ਦੇ ਸਪੈਲਿੰਗ ਦਸਵੀਂ ਸਰਟੀਫਿਕੇਟ ਦੇ ਅਨੁਸਾਰ ਠੀਕ ਕਰਵਾ ਕੇ ਤਸਦੀਕਸ਼ੁਦਾ ਕਾਪੀ ਲਈ ਜਾਵੇ।

ਨੋਟ: ਵਿਦਿਆਰਥੀਆਂ ਨੂੰ ਵਜੀਫਿਆਂ ਦੀ ਅਦਾਇਗੀ ਉਹਨਾਂ ਦੇ ਆਨ ਲਾਈਨ ਖਾਤਿਆਂ ਵਿੱਚ ਕੀਤੀ ਜਾਣੀ ਹੈ ਇਸ ਲਈ ਉਹਨਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ। ਬੈਂਕ ਖਾਤੇ ਸੰਬੰਧੀ ਕਿਸੇ ਤਰ੍ਹਾਂ ਦੀ ਸੂਚਨਾ ਗਲਤ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ। ਵਜ਼ੀਫ਼ੇ ਦੀ ਅਦਾਇਗੀ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਵਜ਼ੀਫ਼ੇ ਦੀ ਰਕਮ (ਬਣਦੀ ਫ਼ੀਸ ਦੀ ਰਕਮ) ਕਾਲਜ ਵਿੱਚ ਜਮ੍ਹਾਂ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਮ ਕੱਟ ਦਿੱਤਾ ਜਾਵੇਗਾ ਜਾਂ ਉਸ ਨੂੰ ਪੂਰੀ ਫ਼ੀਸ ਭਰਨੀ ਪਵੇਗੀ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008-09 ਤੋਂ ਯੋਗ ਘੱਟ ਗਿਣਤੀ ਸਮੁਦਾਏ (ਸਿੱਖ, ਮੁਸਲਿਮ, ਇਸਾਈ, ਬੋਧੀ ਅਤੇ ਪਾਰਸੀ) ਨਾਲ ਸੰਬੰਧਤ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਮਾਪਿਆਂ, ਸਰਪ੍ਰਸਤਾਂ ਦੀ ਸਲਾਨਾ ਆਮਦਨ ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪਿਛਲੀ ਕਲਾਸ ਦੌਰਾਨ ਫਾਈਨਲ ਇਮਤਿਹਾਨ ਵਿੱਚ ਘੱਟੋ ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਂਦਾ ਹੈ। ਇਸ ਲਈ ਇਸ ਅਧੀਨ ਕਵਰ ਹੁੰਦੇ ਯੋਗ ਵਿਦਿਆਰਥੀ ਦਾਖਲ ਹੋਣ ਉਪਰੰਤ ਵਜੀਫਾ ਕਲਰਕ ਨਾਲ ਸੰਪਰਕ ਕਰਨ। (ਹਵਾਲਾ: ਡਾਇਰੈਕਟਰ ਸਿੱਖਿਆ ਵਿਭਾਗ (ਕਾਲਜ਼) ਪੰਜਾਬ ਚੰਡੀਗੜ੍ਹ, ਦੇ ਪੱਤਰ ਨੰਬਰ 1126-2/9-2007 ਸਕਾ (8) ਮਿਤੀ 30-2-2008)

## ਸੀਐਮ ਸਕਾਲਰਸ਼ਿਪ ਸਕੀਮ

ਪੰਜਾਬ ਸਰਕਾਰ ਵੱਲੋਂ ਆਰਥਿਕ ਪੱਖੋਂ ਹੇਠਲੇ ਵਰਗ ਦੇ ਵਿਦਿਆਰਥੀਆਂ ਨੂੰ ਉੱਚ-ਸਿੱਖਿਆ ਵਿਚ ਵਿੱਤੀ ਸਹਾਇਤਾ ਦੇਣ ਲਈ ਸੀਐਮ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇਸ ਸਕਾਲਰਸ਼ਿਪ ਦੀ ਵੰਡ ਬਿਨੈਕਾਰ ਵਿਦਿਆਰਥੀ ਦੀ ਪਿਛਲੀ ਕਲਾਸ ਦੇ ਅੰਕਾਂ ਦੇ ਪ੍ਰਤੀਸ਼ਤ ਅਨੁਸਾਰ ਕੀਤੀ ਜਾਂਦੀ ਹੈ। ਇਸ ਅਧੀਨ ਕ੍ਰਮਵਾਰ 60 ਪ੍ਰਤੀਸ਼ਤ, 70 ਪ੍ਰਤੀਸ਼ਤ, 80 ਪ੍ਰਤੀਸ਼ਤ, 90 ਪ੍ਰਤੀਸ਼ਤ, 100 ਪ੍ਰਤੀਸ਼ਤ ਪ੍ਰੀਖਿਆ ਫ਼ੀਸ ਦੀ ਛੋਟ ਦਿੱਤੀ ਜਾਂਦੀ ਹੈ। ਇਹ ਛੋਟ ਯੋਗ ਵਿਦਿਆਰਥੀ ਦੇ ਦਾਖਲੇ ਸਮੇਂ ਦਾਖਲਾ ਫੀਸ ਵਿਚੋਂ ਹੀ ਕਰ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਉਸ ਵਿਦਿਆਰਥੀ ਨੂੰ ਹੀ ਲਾਭ ਮਿਲ ਸਕਦਾ ਹੈ ਜੋ ਕੋਈ ਹੋਰ ਵਜ਼ੀਫਾ ਨਾ ਲੈ ਰਿਹਾ ਹੋਵੇ ਅਤੇ ਪੰਜਾਬ ਦਾ ਵਸਨੀਕ ਹੋਵੇ। ਇਸ ਲਈ ਬਿਨੈਕਾਰ ਵਿਦਿਆਰਥੀ ਦਾਖਲਾ ਫਾਰਮ ਵਿੱਚ ਸੀਐਮ ਸਕਾਲਰਸ਼ਿਪ ਜ਼ਰੂਰ ਦਾ ਵਿਕਲਪ ਜ਼ਰੂਰ ਭਰਨ। ਵਿਦਿਆਰਥੀ ਦੀ ਯੋਗਤਾ ਦੀ ਪੁਸ਼ਟੀ ਕਾਲਜ ਵੱਲੋਂ ਕੀਤੀ ਜਾਵੇਗੀ।

**ਵਜ਼ੀਫ਼ੇ ਜਰੂਰੀ ਹਦਾਇਤਾਂ :**

1) ਵਿਦਿਆਰਥੀਆਂ ਨੂੰ ਇਹ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇੱਕ ਤੋਂ ਵੱਧ ਵਾਰ ਜਾਂ ਇੱਕ ਤੋਂ ਵੱਧ ਵਜ਼ੀਫਾ ਸਕੀਮਾਂ ਵਿੱਚ ਵਜੀਫੇ ਲਈ ਅਪਲਾਈ ਨਾ ਕਰਨ ।

2) ਜੇਕਰ ਕਿਸੇ ਵਿਦਿਆਰਥੀ ਵੱਲੋਂ ਦੋ ਵਾਰ ਵਜ਼ੀਫਾ ਅਪਲਾਈ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਵਿਦਿਆਰਥੀ ਆਪ ਨਿੱਜੀ ਤੌਰ ਤੇ ਕਾਲਜ ਨੂੰ ਲਿਖਤੀ ਦੱਸੇ ਅਤੇ ਆਪਣੀ ਇੱਕ ਆਈ.ਡੀ. ਨੂੰ ਕੈਂਸਲ ਕਰਵਾਏ ।

3) ਵਿਦਿਆਰਥੀ ਵਜੀਫਾ ਆਨ-ਲਾਈਨ ਅਪਲਾਈ ਕਰਨ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਐਸ.ਸੀ. ਵਿਦਿਆਰਥੀਆਂ ਲਈ ਸਲਾਨਾ ਆਮਦਨ ਸਰਟੀਫਿਕੇਟ ਦੀ ਹੱਦ 2.50 ਲੱਖ ਤੋਂ ਘੱਟ ਹੋਵੇ। ਜੇਕਰ ਕਿਸੇ ਵਿਦਿਆਰਥੀ ਦਾ ਸਰਟੀਫਕੇਟ ਇਸ ਸ਼ਰਤ ਤੇ ਗਲਤ ਪਾਇਆ ਗਿਆ ਤਾਂ ਉਸ ਦਾ ਵਜ਼ੀਫਾ ਅਪਲਾਈ ਰੱਦ ਕਰ ਦਿੱਤਾ ਜਾਵੇਗਾ ।

4) ਵਿਦਿਆਰਥੀ ਆਪਣਾ ਜਾਤੀ ਸਰਟੀਫਿਕੇਟ ਵਜ਼ੀਫਾ ਅਪਲਾਈ ਕਰਨ ਸਮੇਂ ਜਰੂਰ ਅਪਲੋਡ ਕਰਵਾਉਣ ਅਤੇ ਇਸ ਦੀਆਂ ਦੋ ਕਾਪੀਆਂ ਕਾਲਜ ਦਫਤਰ ਵਿਖੇ ਜਮ੍ਹਾਂ ਕਰਵਾਈਆਂ ਜਾਣ ।

5) ਵਿਦਿਆਰਥੀ ਦੇ ਅਧਾਰ ਕਾਰਡ ਦੀ ਕਾਪੀ, ਰੰਗਦਾਰ 4 ਤਾਜੀਆਂ ਫੋਟੋ, ਪਿਛਲੀ ਪਾਸ ਕੀਤੀ ਸ਼੍ਰੇਣੀ ਦੇ ਦਸਤਾਵੇਜ਼, ਕਾਲਜ ਦੀ ਫੀਸ ਰਸੀਦ ਦੀ ਕਾਪੀ ਅਤੇ ਕਾਲਜ ਆਈ.ਡੀ. ਕਾਰਡ ਦੀ ਕਾਪੀ ਕਾਲਜ ਦਫਤਰ ਵਿਖੇ ਜਮ੍ਹਾਂ ਕਰਵਾਉਣੀ ਲਾਜ਼ਮੀ ਬਣਾਈ ਜਾਵੇ ।

**ਨੋਟ :** ਇਸ ਸਕਾਲਰਸ਼ਿਪ ਦੇ ਲਈ ਨਵੇਂ ਵਿਦਿਆਰਥੀ ਨਵੇਂ ਕੇਸ ਸਬੰਧੀ ਅਤੇ ਪੁਰਾਣੇ ਵਿਦਿਆਰਥੀ ਰੀਨਿਊਲ ਕੇਸਾਂ ਦੇ ਲਈ ਅਰਜ਼ੀ ਦੇ ਸਕਦੇ ਹਨ । ਹੋਰ ਜਾਣਕਾਰੀ ਲਈ ਵਜ਼ੀਫਾ ਕਲਰਕ ਨਾਲ ਸੰਪਰਕ ਕਰਨ ਤਾਂ ਕਿ ਨਿਸ਼ਚਿਤ ਮਿਤੀ ਤੱਕ ਵਿਦਿਆਰਥੀ ਆਪਣੇ ਵਜੀਫੇ ਸਬੰਧੀ ਕੇਸ ਦਫਤਰ ਵਿੱਚ ਜਰੂਰ ਜਮ੍ਹਾਂ ਕਰਵਾ ਸਕਣ । ਵਿਦਿਆਰਥੀ ਦਾਖਲਾ ਲੈਣ ਉਪਰੰਤ ਵਜ਼ੀਫਾ ਕਮੇਟੀ ਨਾਲ ਤਾਲਮੇਲ ਬਣਾਈ ਰੱਖਣ ਅਤੇ ਨੋਟਿਸ ਬੋਰਡ ਵਾਚਦੇ ਰਹਿਣ। ਇਸ ਵਜ਼ੀਫੇ ਦੀ ਪੂਰੀ ਜਾਣਕਾਰੀ ਵਿਭਾਗ ਦੀ ਵੈਬ ਸਾਈਟ (ਸਕਾਲਰਸ਼ਿਪ ਫੋਲਡਰ) ਵਿੱਚ ਦੇਖੀ ਜਾ ਸਕਦੀ ਹੈ: https://scholarships.punjab.gov.in/sp/

**ਵਜ਼ੀਫਿਆਂ ਸੰਬੰਧੀ ਜਰੂਰੀ ਨੋਟ:** ਸਮੂਹ ਵਿਦਿਆਰਥੀ ਜਾਣਕਾਰੀ ਹਿੱਤ ਨੋਟ ਕਰਨ ਕਿ ਪੰਜਾਬ ਸਰਕਾਰ/ਭਾਰਤ ਸਰਕਾਰ ਵੱਲੋਂ ਸਮੇਂ ਸਮੇਂ ਤੇ ਵਜ਼ੀਫੇ ਦੇਣ ਸੰਬੰਧੀ ਕਾਲਜ ਦਫਤਰ ਵਿੱਚ ਜਿਵੇਂ ਹੀ ਕੋਈ ਪੱਤਰ ਪ੍ਰਾਪਤ ਹੁੰਦਾ ਹੈ, ਉਸਨੂੰ ਬੋਰਡ ਤੇ ਨੋਟਿਸ ਲਗਾਇਆ ਜਾਂਦਾ ਹੈ। ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ ਅਤੇ ਵਜੀਫਾ ਕਲਰਕ/ਵਜੀਫਾ ਕਮੇਟੀ ਨਾਲ ਸੰਪਰਕ ਕਰਕੇ ਸਮੇਂ ਸਿਰ ਲੋੜੀਂਦੀ ਕਾਰਵਾਈ ਕਰਕੇ ਵਜ਼ੀਫਾ ਪ੍ਰਾਪਤ ਕਰ ਸਕਦੇ ਹਨ। ਮੌਜੂਦਾ ਸੈਸ਼ਨ ਦੇ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ, ਘੱਟ ਗਿਣਤੀ ਵਰਗ ਦੀ ਸਕਾਲਰਸ਼ਿਪ ਸਕੀਮ ਅਤੇ ਹੋਰ ਵਜੀਫਿਆਂ ਲਈ ਅਪਲਾਈ ਕਰਨ ਦੀਆਂ ਮਿਤੀਆਂ ਸਬੰਧੀ ਦਫਤਰ ਵਿਚੋਂ ਪ੍ਰਾਪਤ ਪੱਤਰ/ਜਾਣਕਾਰੀ ਤੁਰੰਤ ਨੋਟਿਸ ਬੋਰਡ ਤੇ ਲਗਾਈ ਜਾਵੇਗੀ । ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ।

# ਇਨਾਮ ਅਤੇ ਸਨਮਾਨ ਦੇਣ ਦੇ ਨਿਯਮ

1) ਵਿਦਿਅਕ ਸੱਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿੱਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਦੇ ਮੌਕੇ ’ਤੇ ਇਨਾਮ ਦੇ ਕੇ ਸਨਮਾਣਿਤ ਕੀਤਾ ਜਾਂਦਾ ਹੈ।

2) ਘਰੇਲੂ ਪ੍ਰੀਖਿਆਵਾਂ ਵਿੱਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਵਿਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਇਨਾਮ ਦਿੱਤੇ ਜਾਂਦੇ ਹਨ ।

3) ਹਰੇਕ ਵਿਸ਼ੇ ਵਿੱਚ ਪ੍ਰਪਾਤ ਅੰਕਾਂ ਦੇ ਆਧਾਰ ਤੇ ਦਿੱਤੇ ਇਨਾਮਾਂ ਤੋਂ ਇਲਾਵਾ ਹਰ ਕਲਾਸ ਵਿੱਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ 'ਤੇ ਵੀ ਇਨਾਮ ਦਿੱਤੇ ਜਾਂਦੇ ਹਨ ।

4) ਘਰੇਲੂ ਇਮਤਿਹਾਨਾਂ ਤੋਂ ਇਲਾਵਾ ਯੂਨੀਵਰਸਿਟੀ ਇਮਤਿਹਾਨਾਂ ਵਿੱਚ ਪ੍ਰਪਾਤ ਕੁੱਲ ਅੰਕਾਂ ਦੇ ਆਧਾਰ 'ਤੇ ਵੀ ਕਾਲਜ ਵਿਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ ।

5) ਕਿਸੇ ਹੋਰ ਖੇਤਰ ਵਿੱਚ ਵੀ ਖਾਸ ਪੱਧਰ ਦੀ ਪ੍ਰਾਪਤੀ ਹੋਣ ਤੇ ਵਿਸ਼ੇਸ਼ ਇਨਾਮ ਲਈ ਵਿਚਾਰਿਆ ਜਾ ਸਕਦਾ ਹੈ।

6) ਉਪਰੋਕਤ ਇਨਾਮਾਂ ਦਾ ਫੈਸਲਾ ਸੀਨੀਅਰ ਸਟਾਫ ਮੈਂਬਰਜ਼ ਦੀ ਕਮੇਟੀ ਕਰਦੀ ਹੈ।

7) ਇਹ ਇਨਾਮ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਦੇ ਵਿਹਾਰ ਬਾਰੇ ਪੂਰੀ ਤਸੱਲੀ ਹੋਵੇਗੀ ਅਤੇ ਜੋ ਆਪਣੇ ਵਿਸ਼ੇ ਅਤੇ ਕਾਰਜ ਖੇਤਰ ਵਿੱਚ ਬਕਾਇਦਾ ਹਾਜ਼ਰੀ ਦਾ ਪ੍ਰਮਾਣ ਦੇਣਗੇ।

8) ਰੋਲ ਆਫ ਆਨਰ ਦੇ ਨਾਲ ਵਿਦਿਆਰਥੀ ਨੂੰ ਕਾਲਜ ਕਲਰ ਵੀ ਦਿੱਤਾ ਜਾਂਦਾ ਹੈ ਜੇ ਉਸਨੂੰ ਕਾਲਜ ਕਲਰ ਪ੍ਰਾਪਤ ਨਾ ਹੋਇਆ ਹੋਵੇ । ਦੂਜੀ ਵਾਰ ਕਿਸੇ ਵਿਦਿਆਰਥੀ ਨੂੰ ਰੋਲ ਆਫ ਆਨਰ ਤਾਂ ਹੀ ਪ੍ਰਦਾਨ ਕੀਤਾ ਜਾ ਸਕਦਾ ਹੈ ਜੇਕਰ ਉਸਨੇ ਅਕਾਦਮਿਕ ਖੇਤਰ ਵਿੱਚ, ਖੇਡਾਂ ਦੇ ਵੱਖਰੇ ਖੇਤਰ ਜਾਂ ਸਹਿ-ਵਿਦਿਅਕ ਖੇਤਰ ਵਿੱਚ ਕੋਈ ਪ੍ਰਾਪਤੀ ਕੀਤੀ ਹੋਵੇ ।

**ਵਿਦਿਅਕ ਖੇਤਰ ਵਿੱਚ ਰੋਲ ਆਫ਼ ਆਨਰ, ਕਾਲਜ ਕਲਰ ਮੈਰਿਟ ਸਰਟੀਫਿਕੇਟ ਸੰਬੰਧੀ ਨਿਯਮ**:

**ਰੋਲ ਆਫ ਆਨਰ**: ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਮਿਲੇਗਾ ਜਿਸਨੇ ਯੂਨੀਵਰਸਿਟੀ ਦੇ ਆਖਰੀ ਸਾਲ ਵਿੱਚ ਯੂਨੀਵਰਸਿਟੀ ਦੀ ਸਾਂਝੀ ਮੈਰਿਟ ਲਿਸਟ ਦੇ ਤਿੰਨ ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਪ੍ਰਾਪਤ ਕੀਤਾ ਹੋਵੇ ।

**ਕਾਲਜ ਕਲਰ:** ਯੂਨੀਵਰਸਿਟੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਕੋਈ ਵੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ।

**ਘਰੇਲੂ ਪ੍ਰੀਖਿਆਵਾਂ ਦੇ ਆਧਾਰ ’ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ:**

1) ਹਰ ਸ਼੍ਰੇਣੀ ਵਿੱਚ ਸਾਰੇ ਮਜਬੂਨਾਂ ਦੇ ਨੰਬਰ ਜੋੜ ਕੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਸਭ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ । ਹਰ ਵਿਸ਼ੇ ਵਿੱਚੋਂ ਪਾਸ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ ।

2) ਹਰ ਵਿਸ਼ੇ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਨਾਮ ਦੇ ਹੱਕਦਾਰ ਹੋਣਗੇ । ਇਨਾਮ ਪ੍ਰਾਪਤ ਕਰਨ ਵਾਲਿਆਂ ਵਿਦਿਆਰਥੀਆਂ ਦੇ ਅੰਕ ਘੱਟੋ ਘੱਟ 50% ਹੋਣੇ ਚਾਹੀਦੇ ਹਨ ।

3) ਇੱਕ ਵਿਸ਼ੇ ਵਿੱਚ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਬਰਾਬਰ ਨੰਬਰ ਪ੍ਰਾਪਤ ਕਰਨ ਦੀ ਹਾਲਤ ਵਿਚ ਸਾਰੇ ਮਜ਼ਬੂਨਾਂ ਦੇ ਨੰਬਰਾਂ ਦੇ ਕੁੱਲ ਜੋੜ ਵਿੱਚ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ ।

4) ਕਿਸੇ ਇੱਕ ਮਜ਼ਬੂਨ ਵਿੱਚ ਫੇਲ੍ਹ ਹੋਏ ਵਿਦਿਆਰਥੀ ਨੂੰ ਕੋਈ ਇਨਾਮ ਨਹੀਂ ਦਿੱਤਾ ਜਾਵੇਗਾ ।

5) ਜੇ ਕਿਸੇ ਵਿਸ਼ੇ ਵਿੱਚ 10 ਜਾਂ 10 ਤੋਂ ਘੱਟ ਵਿਦਿਆਰਥੀ ਇਮਤਿਹਾਨ ਵਿੱਚ ਬੈਠਦੇ ਹਨ ਤਾਂ ਇੱਕ ਹੀ ਇਨਾਮ ਮਿਲੇਗਾ ।

6) ਜੇ ਕਿਸੇ ਵਿਸ਼ੇ ਵਿੱਚ ਇੱਕ ਵਿਦਿਆਰਥੀ ਇਮਤਿਹਾਨ ਵਿੱਚ ਬੈਠਦੇ ਹਨ ਤਾਂ ਇੱਕ ਹੀ ਇਨਾਮ ਮਿਲੇਗਾ ।

7) ਐਗਰੀਗੇਟ ਵਿੱਚ ਇਨਾਮ ਯੂਨੀਵਰਸਿਟੀ ਦੀ ਫੈਕੇਲਟੀਜ਼ ਅਨੁਸਾਰ ਹੋਵੇਗਾ।

**ਖੇਡਾਂ ਦੇ ਖੇਤਰ ਵਿੱਚ ਰੋਲ ਆਫ਼ ਆਨਰ ਅਤੇ ਕਾਲਜ ਕਲਰ ਦੇਣ ਦੇ ਨਿਯਮ :**

**ਰੋਲ ਆਫ ਆਨਰ**

1) ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲੀ ਜਾਂ ਦੂਜੀ ਪੁਜੀਸ਼ਨ ਲੈਣ ਵਾਲਾ ਖਿਡਾਰੀ ਜਾਂ ਨੈਸ਼ਨਲ ਪੱਧਰ ’ਤੇ ਹੋਣ ਵਾਲੇ ਟੀਮ ਖੇਡ ਮੁਕਾਬਲਿਆਂ ਵਿੱਚ ਪਹਿਲੇ ਜਾਂ ਦੂਜੇ ਨੰਬਰ ’ਤੇ ਆਉਣ ਵਾਲੀ ਟੀਮ ਦਾ ਮੈਂਬਰ ਖਿਡਾਰੀ ।

2) ਇੰਟਰਨੈਸ਼ਨਲ ਜਾਂ ਯੂਨੀਵਰਸਿਟੀ (ਅੰਤਰ-ਯੂਨੀਵਰਸਿਟੀ) ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ ।

3) ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ ਜੇਤੂ ਟੀਮ ਦਾ ਮੈਂਬਰ ਖਿਡਾਰੀ ।

4) ਸਟੇਟ (ਸੀਨੀਅਰ) ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ। ਸ਼ਰਤ ਇਹ ਹੈ ਕਿ ਉਸਨੇ ਕਾਲਜ ਵੱਲੋਂ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਾਂ ਉਸ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।

5) ਯੂਨੀਵਰਸਿਟੀ ਜਾਂ ਸਟੇਟ ਸੀਨੀਅਰ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਿਤ ਕਰਨ ਵਾਲਾ ਖਿਡਾਰੀ ।

6) ਲਗਾਤਾਰ ਤਿੰਨ ਵਾਰ ਸਰਵੋਤਮ ਖਿਡਾਰੀ ਨੂੰ Role of Honour ਦਿੱਤਾ ਜਾਵੇਗਾ ।

ਨੋਟ : ਕੇਵਲ ਉਹਨਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਇਤ ਹੋਣਗੇ ਅਤੇ ਜਿਹਨਾਂ ਵਿੱਚ ਕਾਲਜ ਵੱਲੋਂ ਪ੍ਰਵਾਨਗੀ ਲੈ ਕੇ ਪ੍ਰਤੀਨਿਧਤਾ ਕੀਤੀ ਹੋਵੇ । ਇਸ ਤੋਂ ਉਪਰੰਤ ਖਿਡਾਰੀ ਅੰਤਰ ਕਾਲਜ ਵੀ ਖੇਡਿਆ ਹੋਣਾ ਜ਼ਰੂਰੀ ਹੈ।

**ਕਾਲਜ ਕਲਰ**

1) ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਖਿਡਾਰੀ ।

2) ਯੂਨੀਵਰਸਿਟੀ ਪੱਧਰ ’ਤੇ ਖੇਡਾਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜਾਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਖਿਡਾਰੀ ।

3) ਸਟੇਟ ਚੈਂਪੀਅਨਸ਼ਿਪ (ਸੀਨੀਅਰ) ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ ਜਾਂ ਸਟੇਟ ਚੈਂਪੀਅਨਸ਼ਿਪ ਜੇਤੂ ਟੀਮ ਦਾ ਮੈਂਬਰ। ਖਿਡਾਰੀ ਦਾ ਕਾਲਜ ਵੱਲੋਂ ਖੇਡਿਆ ਜਾਣਾ ਜਰੂਰੀ ਹੈ।

**ਐਨ. ਐਸ. ਐਸ. (ਕੌਮੀ ਸੇਵਾ ਯੋਜਨਾ) ਵਿੱਚ ਪ੍ਰਾਪਤੀਆਂ ਦੇ ਆਧਾਰ ਤੇ ਸਨਮਾਨ:**

**ਰੋਲ ਆਫ ਆਨਰ**

1.) ਜਿਹੜਾ ਵਲੰਟੀਅਰ ਅੰਤਰ-ਰਾਜ/ਸਰਬ-ਹਿੰਦ/ਆਲ ਇੰਡੀਆ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿੱਚ ਸਮੁੱਚੇ ਤੌਰ ’ਤੇ ਖ਼ੂਨਦਾਨ, ਪ੍ਰੋਜੈਕਟ ਵਰਕ, ਡਿਬੇਟ, ਭਾਸ਼ਨ ਅਨੁਸਾਸ਼ਨ ਆਦਿ ਨੂੰ ਜੋੜ ਕੇ ਪਹਿਲਾ/ਦੂਜਾ ਸਥਾਨ ਪ੍ਰਾਪਤ ਕਰਦਾ ਹੈ ਜਾਂ ਸਮੁੱਚੇ ਤੌਰ ’ਤੇ ਬੈਸਟ ਕੈਂਪਰ ਐਲਾਨਿਆ ਜਾਂਦਾ ਹੈ।

2). ਰਾਸ਼ਟਰੀ ਗਣਤੰਤਰ ਦਿਵਸ (ਦਿੱਲੀ) ਵਿੱਚ ਭਾਗ ਲੈਣ ਵਾਲੇ ਪ੍ਰਤਿਯੋਗੀ ।

**ਕਾਲਜ ਕਲਰ**

1. ਯੂਨੀਵਰਸਿਟੀ ਪੱਧਰ 'ਤੇ ਮੈਡਲ ਜਿੱਤਣ ਵਾਲੇ ਨੂੰ ਐਨ.ਐਸ. ਐਸ. ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਉਚ ਪ੍ਰਾਪਤੀਆਂ ਕੀਤੀਆਂ ਹੋਣ ।

ਜਾਂ

2. ਅੰਤਰ-ਰਾਜ/ਅੰਤਰ-ਵਰਸਿਟੀ/ਸਰਬ-ਹਿੰਦ ਕੈਂਪ ਮੁਕਾਬਲਿਆਂ ਵਿੱਚ ਯੂਨੀਵਰਸਿਟੀ/ਸਟੇਟ ਦੀ ਪ੍ਰਤੀਨਿਧਤਾ ਕਰਦੇ ਹੋਏ ਸਮੁੱਚੇ ਤੌਰ 'ਤੇ ਘੱਟੋ ਘੱਟ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

3. ਯੂਨੀਵਰਸਿਟੀ ਵੱਲੋਂ ਆਯੋਜਿਤ ਅੰਤਰ-ਕਾਲਜ ਕੈਂਪ ਵਿੱਚ ਸਮੁੱਚੇ ਤੌਰ 'ਤੇ ਪਹਿਲਾ ਸਥਾਨ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਬੈਸਟ ਕੈਂਪਰ ਘੋਸ਼ਿਤ ਹੋਣ ਵਾਲੇ ਨੂੰ

ਜਾਂ

4. ਹਰ ਯੂਨਿਟ ਦੇ ਉਹਨਾਂ ਦੋ ਸਰਵੋਤਮ ਵਲੰਟੀਅਰਾਂ (ਵਿਦਿਆਰਥਣਾਂ ਬਾਕੀ ਯੂਨਿਟਾਂ ਵਿੱਚੋਂ ਹਰ ਇੱਕ ਵਿੱਚੋਂ ਇੱਕ ਵਿਦਿਆਰਥਣ ਅਤੇ ਇੱਕ ਵਿਦਿਆਰਥੀ ਵਲੰਟੀਅਰ) ਨੂੰ ਜਿਨ੍ਹਾਂ ਦੀ ਸਿਫਾਰਿਸ਼ ਸਬੰਧਤ ਪ੍ਰੋਗਰਾਮ ਅਫਸਰ ਵੱਲੋਂ ਇੱਕ ਰੋਜ਼ਾ ਕੈਂਪ/ਦਸ ਰੋਜ਼ਾ ਕੈਂਪ/ਅੰਤਰ-ਕਾਲਜ ਕੈਂਪ/ਬਾਲਗ ਸਿੱਖਿਆ ਕੇਂਦਰ/ਪ੍ਰੋਜੈਕਟ ਵਰਕ/ਰਿਲੀਫ ਕੂਲੈਕਸ਼ਨ/ਖੂਨਦਾਨ/ ਕੈਟਾਗਿਰੀ ਸਰਟੀਫਿਕੇਟ/ਸੱਭਿਆਚਾਰਕ ਸਰਗਰਮੀਆਂ/ਕੈਂਪ ਦੀਆਂ ਖੇਡਾਂ ਆਦਿ ਦੇ ਆਧਾਰ 'ਤੇ ਵਲੰਟੀਅਰ ਦੀ ਸਮੁੱਚੀ ਕਾਰਗੁਜਾਰੀ ਨੂੰ ਵੇਖਦੇ ਹੋਈ ਕੀਤੀ ਹੋਵੇ ।

**ਸਭਿਆਚਾਰ ਖੇਤਰ ਵਿੱਚ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲੈਣ ਦਾ ਨਿਯਮ** :

ਉਹ ਵਿਅਕਤੀ ਰੋਲ ਆਫ ਆਨਰ ਦਾ ਹੱਕਦਾਰ ਹੋਵੇਗਾ ਜੋ ਹੇਠ ਲਿਖੇ ਅਨੁਸਾਰ ਕੁੱਲ ਮਿਲਾ ਕੇ 35 ਅੰਕ ਪ੍ਰਾਪਤ ਕਰੇਗਾ । ਜੋ ਕੁੱਲ 25 ਅੰਕ ਪ੍ਰਾਪਤ ਕਰੇਗਾ ਉਸਨੂੰ ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ ।

ਪਹਿਲਾ ਇਨਾਮ = 5 ਦੂਸਰਾ ਇਨਾਮ = 3 ਅੰਕ ਤੀਸਰਾ ਇਨਾਮ = 2 ਅੰਕ ਟਰਾਫੀ = 5 ਅੰਕ

**ਰੋਲ ਆਫ ਆਨਰ**

1)ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਅੰਤਰ-ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।

2)ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿੱਚ ਅੱਵਲ ਰਹਿਣ ਵਾਲੇ ਨੂੰ ।

3) ਅੰਤਰ-ਯੂਨੀਵਰਸਿਟੀ/ਅੰਤਰ-ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਤੀਸਰਾ, ਚੌਥਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

**ਕਾਲਜ ਕਲਰ :25%**

- ਜ਼ੋਨਲ ਮੁਕਾਬਲੇ ਵਿੱਚ ਦੂਸਰਾ ਸਥਾਨ: 25%
- ਅੰਤਰ-ਜ਼ੋਨਲ/ਯੁਨਵਿਰਸਿਟੀ ਮੁਕਾਬਲੇ ਵਿੱਚ ਦੂਜੇ ਸਥਾਨ------ 75%
- ਜ਼ੋਨਲ ਮੁਕਾਬਲੇ ਵਿੱਚ ਪਹਿਲਾ ਸਥਾਨ 50%

- ਅੰਤਰ-ਜ਼ੋਨਲ/ਯੂਨਵਿਰਸਿਟੀ ਮੁਕਾਬਲੇ ਵਿੱਚ ਦੂਜੇ ਸਥਾਨ----- 100%

*ਨੋਟ : ਉਪਰੋਕਤ % ਦਰ ਕੇਵਲ ਉਨ੍ਹਾਂ ਕਲਾਕਾਰਾਂ ਲਈ ਹੈ ਜੋ ਸੱਚਮੁੱਚ ਸਟੇਜ 'ਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦੇ ਹਨ।(ਸਹਿਯੋਗੀਆਂ ਨੂੰ ਇਸਦਾ ਲਾਭ ਨਹੀਂ ਹੋਵੇਗਾ) ਇੱਕ ਹਿੱਸਾ ।*

1.ਇਨਾਮਾਂ ਦਾ ਆਧਾਰ ਵਿਚਾਰ ਅਧੀਨ ਗਤੀਵਿਧੀ ਵਿੱਚ ਸਮੁੱਚੀ ਕਿਰਤ ਹੋਵੇਗੀ ਨਾ ਕਿ ਗਤੀਵਿਧੀ ਦਾ ਕਿਸੇ ਇੱਕ ਰੁਝੇਵੇਂ /ਖੇਤਰ ਲਈ ਦੁਬਾਰਾ ਉਹੀ ਇਨਾਮ ਨਹੀਂ ਦਿੱਤਾ ਜਾਵੇਗਾ ।

2.ਸੰਬੰਧਿਤ ਇੰਚਾਰਜ ਦੀ ਸਿਫਾਰਿਸ਼ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਤੇ ਸੱਭਿਆਚਾਰਕ ਸਰਗਰਮੀਆਂ ਅਤੇ ਦੂਸਰੀਆਂ ਗਤੀਵਿਧੀਆਂ ਵਿੱਚ ਮੈਰਿਟ ਸਰਟੀਫਿਕੇਟ ਦਿੱਤੇ ਜਾ ਸਕਦੇ ਹਨ ।

ਰੈੱਡ ਕਰਾਸ ਸੁਸਾਇਟੀ ਲਈ ਰੋਲ ਆਫ਼ ਆਨਰ ਅਤੇ ਕਾਲਜ ਕਲਰ ਲਈ ਨਿਯਮ :

**ੳ) ਰੋਲ ਆਫ ਆਨਰ** : ਅੰਤਰ-ਵਰਸਿਟੀ/ਅੰਤਰ ਰਾਜ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਨੂੰ ।

**ਅ) ਕਾਲਜ ਕਲਰ** : ਅੰਤਰ ਕਾਰਜ/ਯੂਨੀਵਰਸਿਟੀ ਮੁਕਾਬਲਿਆਂ ਦੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਹਾਸਲ ਕਰਨ ਵਾਲੇ ਵਲੰਟੀਅਰਾਂ ਨੂੰ ।

ਨੋਟ : ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ ਹਾਲਾਤਾਂ ਨੂੰ ਧਿਆਨ ਰੱਖਦੇ ਹੋਏ ਉਪਰੋਕਤ ਇਨਾਮਾਂ ਦੇ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਉਣ ਦੀ ਆਗਿਆ ਦੇਣ ਜਾਂ ਨਾ ਦੇਣ ।

## ਮਾਪਿਆਂ/ਸਰਪ੍ਰਸਤਾਂ ਲਈ ਜਰੂਰੀ ਨੋਟ :

ਪੜ੍ਹਾਈ ਦੇ ਸ਼ੈਸ਼ਨ ਦੌਰਾਨ ਫੀਸਾਂ ਅਤੇ ਫੰਡਾਂ ਦੀ ਤਬਦੀਲੀ ਸੰਬੰਧੀ/ਕਿਸੇ ਵੀ ਗਤੀਵਿਧੀ ਦੇ ਹੋਣ ਸੰਬੰਧੀ/ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ 'ਤੇ ਹੀ ਲਗਾਈ ਜਾਵੇਗੀ। ਦਫ਼ਤਰ ਵੱਲੋਂ ਕੋਈ ਵੀ ਜਾਣਕਾਰੀ ਘਰ ਭੇਜਣ ਦਾ ਪ੍ਰਬੰਧ ਨਹੀਂ ਹੈ ਇਸ ਲਈ ਹਰ ਇੱਕ ਸੂਚਨਾ ਪ੍ਰਾਪਤ ਕਰਨਾ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ । ਮਾਪਿਆਂ/ ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਆਪਣੇ ਬੱਚੇ ਸੰਬੰਧੀ ਲੈਕਚਰ ਸ਼ਾਰਟੇਜ/ਫੀਸਾਂ ਸਬੰਧੀ/ ਘਰੇਲੂ ਪ੍ਰੀਖਿਆਵਾਂ ਦੀ ਰਿਪੋਰਟ ਦੇ ਸੰਬੰਧ ਵਿੱਚ ਕਾਲਜ ਵਿਖੇ ਸੰਪਰਕ ਰੱਖਣ। ਉਹ ਆਪਣੇ ਬੱਚੇ ਨੂੰ ਕਾਲਜ ਵਿੱਚ ਮੋਬਾਈਲ ਲਿਜਾਣ ਅਤੇ ਵਰਤਣ ਤੋਂ ਮਨਾ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਲਈ ਕਹਿਣ । ਪ੍ਰਾਸਪੈਕਟਸ ਵਿੱਚ ਦਿੱਤੇ ਗਏ ਨਿਯਮਾਂ ਅਤੇ ਜਾਣਕਾਰੀ ਸੰਬੰਧੀ ਉਚੇਰੀ ਸਿੱਖਿਆ ਪੰਜਾਬ ਸਰਕਾਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੀਆਂ ਤਬਦੀਲੀਆਂ ਸਬੰਧੀ ਸਮੇਂ ਸਮੇਂ ਤੇ ਨੋਟਿਸ ਬੋਰਡ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ । ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ। ਇਹ ਪ੍ਰਾਸਪੈਕਟਸ ਸਿਰਫ ਵਿਦਿਆਰਥੀਆਂ ਦੇ ਲਈ ਕਾਲਜ ਅਤੇ ਕੋਰਸਾਂ ਸਬੰਧੀ ਜਾਣਕਾਰੀ ਬਾਬਤ ਹੈ ਇਹ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਮਾਪੇ ਕਾਲਜ ਦੇ ਦਫਤਰ ਦੇ ਫੋਨ ਨੰਬਰ 01635-270116 ਤੇ ਵੀ ਸੰਪਰਕ ਕਰ ਸਕਦੇ ਹਨ।

# ਕਾਲਜ ਦੀਆਂ ਝਲਕੀਆਂ





ਸਲਾਨਾ ਇਨਾਮ ਵੰਡ ਸਮਾਰੋਹ







ਮੈਂਟਲ ਹੈਲਥ ਸਬੰਧੀ ਵਰਕਸ਼ਾਪ




ਮਿਲਟਰੀ ਲਿਟਰੇਚਰ ਉਤਸਵ 'ਚ ਹਿੱਸਾ ਲੈਂਦੇ ਵਿਦਿਆਰਥੀ




ਵਾਤਾਵਰਣ ਬਚਾਓ ਮੁਹਿੰਮ ਅਧੀਨ ਸਹੁੰ ਚੁੱਕਦੇ ਵਿਦਿਆਰਥੀ





ਕੌਮਾਂਤਰੀ ਮਾਂ-ਬੋਲੀ ਦਿਹਾੜੇ ਨਾਲ ਸਬੰਧਿਤ ਲੈਕਚਰ ਕਰਵਾਇਆ ਗਿਆ






ਸਲਾਨਾ ਖੇਡ ਸਮਾਰੋਹ




ਸਲਾਨਾ ਖੇਡ ਸਮਾਰੋਹ

